# ਹਰ ਨਵੇਂ ਸੂਰਜ ਨਵੀਂ ਸਿੱਖ ਸੂਰਬੀਰਤਾ
# ਫਰਵਰੀ 03-ਫਰਵਰੀ 09 ਤੱਕ

## 3 ਫਰਵਰੀ

23 ਜਨਵਰੀ ਵਾਲੇ ਉਲੇਖ ਵਿੱਚ ਪਾਠਕ ਗਦਰੀ ਬਾਬਿਆਂ ਦੇ ਡਾਕੇ ਮਾਰਨ ਦੇ ਪ੍ਰੋਗਰਾਮ ਬਾਰੇ ਪੜ੍ਹ ਆਏ ਹਨ। ਇਹ ਵੀ ਜਾਣ ਚੁੱਕੇ ਹਨ ਕਿ ਡਾਕੇ ਮਾਰਨ ਦੀ ਕੀ ਮਜ਼ਬੂਰੀ ਅਤੇ ਜ਼ਰੂਰਤ ਸੀ। ਇਹ ਵੀ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ ਇਸ ਅਨੈਤਿਕ ਢੰਗ ਰਾਹੀਂ ਇਕੱਠਾ ਕੀਤਾ ਗਿਆ ਪੈਸਾ ਕੇਵਲ ਤੇ ਕੇਵਲ ਦੇਸ ਦੀ ਆਜ਼ਾਦੀ ਵਾਸਤੇ ਹੀ ਖਰਚ ਕੀਤਾ ਗਿਆ ਸੀ। ਗਦਰੀਆਂ ਨੇ ਆਪਣੇ ਲਏ ਗਏ ਹਲਫ 'ਤੇ ਪਹਿਰਾ ਦਿੱਤਾ ਸੀ। ਇਸੇ ਪ੍ਰਸੰਗ ਵਿੱਚ ਦੂਜਾ ਅਤੇ ਤੀਜਾ ਡਾਕਾ ਕ੍ਰਮਵਾਰ ਪਿੰਡ ਮਨਸੂਰਾਂ ਵਿੱਚ 27 ਜਨਵਰੀ, 1915 ਅਤੇ ਪਿੰਡ ਝਨੇਰ ਵਿੱਚ 29 ਜਨਵਰੀ, 1915 ਨੂੰ ਮਾਰਿਆ ਗਿਆ ਸੀ। ਇਨ੍ਹਾਂ ਦਾ ਉਲੇਖ ਪਾਠਕ ਪੜ੍ਹ ਆਏ ਹਨ।

ਏਸੇ ਸਿਲਸਿਲੇ ਵਿੱਚ ਇੱਕ ਡਾਕਾ ਅੱਜ ਦੇ ਦਿਨ 3 ਫਰਵਰੀ, 1915 ਨੂੰ ਪਿੰਡ ਰਾਹੋਂ ਜ਼ਿਲ੍ਹਾ ਲੁਧਿਆਣਾ ਵਿੱਚ ਮਾਰਿਆ ਗਿਆ। ਮਜ਼ਬੂਰੀ ਵਿੱਚ ਚੰਗੇ ਕੰਮ ਲਈ ਮਾੜਾ ਸਾਧਨ ਵਰਤਿਆ ਗਿਆ ਸੀ। ਇਨਕਲਾਬੀ ਇੱਕ ਖੂਹ ਉੱਤੇ ਇਕੱਠੇ ਹੋਏ। ਉਥੋਂ ਸ੍ਰੀ ਚੂਹੜ ਸਿੰਘ ਲੀਲ ਪਿੰਡ ਗਏ ਅਤੇ ਖਬਰ ਲਿਆਏ ਕਿ ਲੋਕ ਸੁੱਤੇ ਹੋਏ ਹਨ। ਗਦਰੀ ਪਿੰਡ ਵਿੱਚ ਚਲੇ ਗਏ। ਰਸਤੇ ਵਿੱਚੋਂ ਇੱਕ ਆਦਮੀ ਨੂੰ ਫੜ ਕੇ ਬੀਬੀ ਸਾਰਦੀ ਦਾ ਘਰ ਵਿਖਾਉਣ ਲਈ ਮਜ਼ਬੂਰ ਕੀਤਾ ਗਿਆ। ਫੇਰ ਉਸ ਨੂੰ ਉਸ ਦੇ ਘਰ ਵਿੱਚ ਡੱਕ ਦਿੱਤਾ। ਬੀਬੀ ਸਾਰਦੀ ਦਾ ਘਰ ਲੁੱਟਿਆ ਗਿਆ। ਜਦ ਉਸ ਨੇ ਤਰਲਾ ਕੀਤਾ ਕਿ ਉਸ ਦੇ ਖਾਣ ਵਾਸਤੇ ਤਾਂ ਕੁਝ ਛੱਡ ਦਿੱਤਾ ਜਾਵੇ ਤਾਂ ਸ੍ਰੀ ਚੂਹੜ ਸਿੰਘ ਨੇ ਉਸ ਨੂੰ ਕੁਝ ਪੈਸੇ ਵਾਪਸ ਕਰ ਦਿੱਤੇ। ਇਸ ਲੁੱਟ 'ਚੋਂ ਇੱਕ ਹਜ਼ਾਰ ਰੁਪਈਏ ਸ. ਮੂਲਾ ਸਿੰਘ ਨੂੰ ਗਦਰ ਦੀ ਕਾਰਵਾਈ ਵਾਸਤੇ ਅੰਮ੍ਰਿਤਸਰ ਪਹੁੰਚਾ ਦਿੱਤੇ। ਇਨਕਲਾਬੀਆਂ ਨੇ ਆਪਣੇ ਵਾਸਤੇ ਕੁਝ ਨਹੀਂ ਰੱਖਿਆ। ਇਹ ਇਸ ਪ੍ਰੋਗਰਾਮ ਦਾ ਆਖਰੀ ਡਾਕਾ ਸੀ।

(ਸ੍ਰੀ ਸਚਿੰਦਰ ਨਾਥ ਸਾਨਿਆਲ, 'ਜੁਝਾਰੂ ਸ਼ਹੀਦਾਂ ਦੀ ਅਮਰ ਗਾਥਾ', ਪੰਨੇ 121-22)
(ਜਗਜੀਤ ਸਿੰਘ, 'ਗਦਰ ਪਾਰਟੀ ਲਹਿਰ' ਪੰਨਾ 106)

## 4 ਫਰਵਰੀ

ਅੱਜ ਦਾ ਬਿਆਨ 9 ਜਨਵਰੀ ਦੇ ਬਿਆਨ ਦਾ ਹੀ ਪੂਰਕ ਹੈ। 9 ਜਨਵਰੀ ਦੇ ਬਿਆਨ ਵਿੱਚ ਪਾਠਕ ਪੜ੍ਹ ਚੁੱਕੇ ਹਨ ਕਿ 15,000 ਸਿੱਖ ਸ. ਜੱਸਾ ਸਿੰਘ ਆਹਲੂਵਾਲੀਆ ਦੀ ਜਥੇਦਾਰੀ ਹੇਠ ਜਵਾਹਰ ਸਿੰਘ ਰਿਆਸਤ ਭਰਤਪੁਰ ਦੀ ਸਹਾਇਤਾ ਵਾਸਤੇ ਦਿੱਲੀ ਪਹੁੰਚ ਗਏ ਸਨ ਅਤੇ ਸ਼ਕਤੀਸ਼ਾਲੀ ਨਜੀਬ-ਉਲ-ਦੌਲਾ ਰੁਹੇਲਾ ਨੂੰ ਕਿਲ੍ਹਾ ਬੰਦ ਹੋ ਜਾਣ ਵਾਸਤੇ ਮਜ਼ਬੂਰ ਕਰ ਦਿੱਤਾ ਸੀ। ਇੱਕ ਮਹੀਨੇ ਦੇ ਅੰਦਰ ਅੰਦਰ ਹੀ ਅੱਜ ਦੇ ਦਿਨ 4 ਫਰਵਰੀ 1765 ਨੂੰ ਖਾਲਸਾ ਜੀ ਅਤੇ ਨਜੀਬ-ਉਲ-ਦੌਲਾ ਦੀਆਂ ਫੌਜਾਂ ਵਿੱਚ ਸਬਜ਼ੀ ਮੰਡੀ ਅਤੇ ਨਾਖਾਸ ਨੇੜੇ ਲੜਾਈ ਹੋਈ। ਸਿੰਘਾਂ ਨੇ ਰੁਹੇਲਿਆਂ ਨੂੰ ਹਾਰ ਦੇ ਕੇ ਭਜਾ ਦਿੱਤਾ। ਇਸ ਪ੍ਰਕਾਰ ਸਿੰਘ ਦਿੱਲੀ ਤੱਕ ਮਾਰਾਂ ਕਰਦੇ ਰਹੇ ਹਨ।

(ਗੰਡਾ ਸਿੰਘ, 'ਜੱਸਾ ਸਿੰਘ ਆਹਲੂਵਾਲੀਆ' ਪੰਨਾ 148)

## 5 ਫਰਵਰੀ

-1-

ਅੱਜ ਦਾ ਇਤਿਹਾਸ ਵੱਡੇ ਘੱਲੂਘਾਰੇ ਦਾ ਇਤਿਹਾਸ ਹੈ। ਸੰਨ 1761 ਵਿੱਚ ਅਹਿਮਦਸ਼ਾਹ ਦੁਰਾਨੀ ਨੇ ਪਾਨੀਪਤ ਦੀ ਤੀਜੀ ਲੜਾਈ ਵਿੱਚ ਲਗਭਗ ਮਰਹੱਟਿਆਂ ਦਾ ਮਲੀਆਮੇਟ ਹੀ ਕਰ ਦਿੱਤਾ ਸੀ। ਹੁਣ ਉਹ ਸਿੱਖਾਂ ਦਾ ਵੀ ਉਹੋ ਜਿਹਾ ਹਾਲ ਹੀ ਕਰਨਾ ਚਾਹੁੰਦਾ ਸੀ। ਸਿੱਖਾਂ ਨੇ ਜੰਡਿਆਲੇ ਨੂੰ ਘੇਰਾ ਪਾ ਰੱਖਿਆ ਸੀ। ਅਹਿਮਦਸ਼ਾਹ ਦੇ ਆਉਣ ਦੀ ਖਬਰ ਪਾ ਕੇ ਜੰਡਿਆਲੇ ਦਾ ਘੇਰਾ ਉਠਾ ਲਿਆ ਅਤੇ ਆਪਣੇ ਵਹੀਰ ਸਣੇ ਮਾਲਵੇ ਨੂੰ ਚਲੇ ਗਏ। ਮਲੇਰਕੋਟਲੇ ਦੇ ਨੇੜੇ ਕੁੱਪ-ਰਹੀੜੇ ਪਹੁੰਚ ਗਏ। ਅਹਿਮਦਸ਼ਾਹ ਦੁਰਾਨੀ 3 ਫਰਵਰੀ, 1762 ਨੂੰ ਲਾਹੌਰ ਪੁੱਜਾ। ਉਸ ਨੇ ਸਰਹਿੰਦ ਦੇ ਗਵਰਨਰ ਜ਼ੈਨ ਖਾਨ ਨੂੰ ਪਹਿਲਾਂ ਹੀ ਹਦਾਇਤਾਂ ਦੇ ਦਿੱਤੀਆਂ ਸਨ ਕਿ ਉਹ ਆਪਣੀਆਂ ਸਭ ਫੌਜਾਂ ਸਮੇਤ ਕੂਚ ਕਰੇ ਅਤੇ ਸਿੱਖਾਂ ਦੇ ਅਗਲੇ ਹਿੱਸੇ ਉੱਤੇ ਹਮਲਾ ਕਰੇ ਜਦਕਿ ਉਹ ਆਪ ਉਨ੍ਹਾਂ 'ਤੇ ਪਿਛਲੇ ਪਾਸਿਓਂ ਹਮਲਾ ਕਰੇਗਾ।

ਅੱਜ ਦੇ ਦਿਨ 5 ਫਰਵਰੀ, 1762 ਨੂੰ ਅਹਿਮਦਸ਼ਾਹ ਦੁਰਾਨੀ ਸਵੇਰੇ ਹੀ ਅਚਨਚੇਤ ਸਿੱਖਾਂ 'ਤੇ ਆ ਪਿਆ। ਸਿੱਖ ਘੇਰੇ ਵਿੱਚ ਆ ਗਏ। ਸਿੱਖਾਂ ਨੇ ਇਕਦਮ ਸਲਾਹ ਮਸ਼ਵਰਾ ਕਰਕੇ ਫੈਸਲਾ ਕੀਤਾ ਕਿ ਉਨ੍ਹਾਂ ਨੂੰ ਲੜ ਕੇ ਮਰਨਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਵਹੀਰ ਦੁਆਲੇ ਘੇਰਾ ਬੰਨ੍ਹ ਲਿਆ ਅਤੇ ਲੜਦੇ ਹੋਏ ਅਗਾਂਹ ਵਧਦੇ ਗਏ। ਕਦੇ ਕਦੇ ਉਹ ਹਮਲਾਵਰਾਂ ਉੱਤੇ ਭੌਂ ਕੇ ਵਾਰ ਕਰਦੇ ਤੇ ਉਨ੍ਹਾਂ ਦਾ ਕਾਫੀ ਨੁਕਸਾਨ ਕਰ ਦਿੰਦੇ।

ਸ਼ਾਮ ਸਿੰਘ ਕਰੋੜਸਿੰਘੀਆ, ਜੱਸਾ ਸਿੰਘ ਆਹਲੂਵਾਲੀਆ ਅਤੇ ਚੜ੍ਹਤ ਸਿੰਘ ਸ਼ੁਕਰਚੱਕੀਆ ਆਪਨੀ ਮੁੱਖ ਸੈਨਾ ਦੀ ਅਗਵਾਈ ਕਰ ਰਹੇ ਸਨ ਅਤੇ ਵਹੀਰ ਦੇ ਕੂਚ ਦੀ ਨਿਗਰਾਨੀ ਵੀ ਕਰ ਰਹੇ ਸਨ। ਅਹਿਮਦਸ਼ਾਹ ਸਿੱਖਾਂ ਨਾਲ ਕਿਸੇ ਥਾਂ ਜੰਮ ਕੇ ਲੜਾਈ ਕਰਨਾ ਚਾਹੁੰਦਾ ਸੀ ਪਰ ਉਹ ਉਸ ਨੂੰ ਮੌਕਾ ਨਹੀਂ ਸਨ ਦੇ ਰਹੇ। ਉਹ ਅਗਾਂਹ ਤੋਂ ਅਗਾਂਹ ਤੁਰਦੇ ਜਾ ਰਹੇ ਸਨ ਅਤੇ ਪਿੰਡੋ-ਪਿੰਡ ਉਨ੍ਹਾਂ ਨਾਲ ਲੜਾਈ ਹੁੰਦੀ ਜਾ ਰਹੀ ਸੀ। ਇੱਕ ਮਿਸਲ ਲੜਦੀ ਸੀ ਤੇ ਦੂਜੀ ਪਿੱਛੇ ਹਟਦੀ ਸੀ। ਫਿਰ ਦੂਜੀ ਮਿਸਲ ਲੜਦੀ ਸੀ ਤੇ ਪਹਿਲੀ ਪਿੱਛੇ ਹਟਦੀ ਸੀ। ਬਹੁਤ ਸਾਰੇ ਪਿੰਡਾਂ ਦੇ ਲੋਕਾਂ ਨੇ ਪਠਾਣਾਂ ਦੇ ਡਰ ਦੇ ਮਾਰੇ ਸਿੱਖਾਂ ਦੀ ਸਹਾਇਤਾ ਨਹੀਂ ਕੀਤੀ, ਸਗੋਂ ਕਈਆਂ ਨੂੰ ਮਾਰ ਦਿੱਤਾ। ਸਿੰਘ ਸਰਦਾਰ ਹਰ ਪਾਸਿਓਂ ਹੋ ਹੋ ਕੇ ਵਹੀਰ ਨੂੰ ਬਚਾਉਂਦੇ ਤੇ ਹੌਲੀ ਹੌਲੀ ਮਾਲਵੇ ਵੱਲ ਨੂੰ ਹਟਦੇ ਜਾਂਦੇ ਸਨ। ਅਹਿਮਦਸ਼ਾਹ ਨੇ ਬਥੇਰਾ ਜ਼ੋਰ ਲਾਇਆ ਕਿ ਕਿਸੇ ਤਰ੍ਹਾਂ ਕਰੜਾ ਹੱਲਾ ਕਰਕੇ ਇਨ੍ਹਾਂ ਨੂੰ ਅੱਡ-ਅੱਡ ਕਰ ਦੇਵੇ ਅਤੇ ਦੁਰਾਨੀ ਫੌਜ ਇਨ੍ਹਾਂ ਦੇ ਵਿੱਚ ਰਲ ਜਾਵੇ ਪਰ ਖਾਲਸੇ ਨੇ ਐਸੀ ਕਰੜਾਈ ਕੀਤੀ ਹੋਈ ਸੀ ਕਿ ਖਾਲਸੇ ਦੀ ਲੋਹ-ਮਈ ਕੰਧ ਨੂੰ ਟਕਰਾ ਕੇ ਵੈਰੀ ਆਪ ਹੀ ਪਿੱਛੇ ਹਟ ਜਾਂਦੇ ਸਨ ਪਰ ਖਾਲਸੇ ਦੀਆਂ ਕਤਾਰਾਂ ਨੂੰ ਚੀਰ ਨਹੀਂ ਸਨ ਸਕਦੇ।

ਇਸੇ ਤਰ੍ਹਾਂ ਲੜਦਾ-ਭਿੜਦਾ ਖਾਲਸਾ ਕੁਤਬੇ ਬਾਹਮਣੀ ਪਿੰਡਾਂ ਪਾਸ ਅੱਪੜ ਗਿਆ। ਦੁਪਹਿਰ ਹੋ ਗਈ ਤੇ ਸਵੇਰ ਤੋਂ ਲੈ ਕੇ ਹੁਣ ਤੱਕ ਸੂਰਮੇ 12 ਕੋਹ ਲੜਦੇ ਆਏ ਸਨ। ਰਾਹ ਵਿੱਚ ਪਾਣੀ ਕਿਤੇ ਨਹੀਂ ਲੱਭਾ ਸੀ। ਸਵਾਰ ਤੇ ਘੋੜੇ ਤੇਹ ਨਾਲ ਬੇਦਿਲ ਹੋ ਹੋ ਜਾਂਦੇ ਸਨ ਕਿ ਕੁਤਬੇ ਪਿੰਡ ਪਾਣੀ ਦੀ ਢਾਬ ਨਜ਼ਰੀਂ ਪੈ ਗਈ। ਕੀ ਸਿੰਘ ਤੇ ਕੀ ਦੁਰਾਨੀ ਲੜਾਈ ਦਾ ਖਿਆਲ ਛੱਡ ਕੇ ਸਾਰੇ ਹੀ ਪਾਣੀ ਪੀਣ ਲੱਗ ਪਏ। ਆਗੂਆਂ ਨੇ ਸਿੰਘਾਂ ਨੂੰ ਦੱਸ ਦਿੱਤਾ ਸੀ ਕਿ ਇਸ ਤੋਂ ਅੱਗੇ ਪਾਣੀ ਨਹੀਂ ਲੱਭੇਗਾ, ਜੋ ਇੱਥੋਂ ਤਿਹਾਇਆ ਤੁਰੇਗਾ ਉਹ ਰਾਹ ਵਿੱਚ ਹੀ ਮਰ ਜਾਵੇਗਾ। ਇਸ ਲਈ ਸਿੰਘਾਂ ਨੇ ਇੱਕ ਪਾਸਿਓਂ ਪਕਿਆਈ ਕਰ ਕੇ ਸਭਨਾਂ ਨੂੰ ਪਾਣੀ ਪਿਲਾ ਲੈਣਾ ਚਾਹਿਆ।

ਇੱਕ ਪਾਸੇ ਵਲੋਂ ਸਿੰਘ ਪਾਣੀ ਪੀਂਦੇ ਅਤੇ ਦੂਜੇ ਪਾਸੇ ਵਲੋਂ ਦੁਰਾਨੀ। ਸਿੰਘ ਅਤੇ ਦੁਰਾਨੀ ਦੋਵੇਂ ਹੀ ਥੱਕ ਚੁੱਕੇ ਸਨ। ਇੱਥੋਂ ਦੁਰਾਨੀ ਪਿੱਛੇ ਮੁੜ ਗਏ। ਸਿੱਖਾਂ ਨੇ ਦਸ ਕੁ ਕੋਹ ਅਗਾਂਹ ਤੁਰ ਕੇ ਡੇਰਾ ਕੀਤਾ। ਇਸ ਸਮੇਂ ਖਾਲਸਾ ਦਲ ਨਾਲ ਕੇਵਲ ਤੀਹ ਕੁ ਹਜ਼ਾਰ ਸਿੰਘ ਰਹਿ ਗਏ ਸਨ। ਕੁਝ ਕੁ ਸਿੰਘ ਲਾਂਭੇ ਵਾਲੇ ਪਿੰਡਾਂ ਨੂੰ ਚਲੇ ਗਏ। ਘੱਟ ਤੋਂ ਘੱਟ ਦਸ ਹਜ਼ਾਰ ਸਿੰਘ ਇਸ ਘੱਲੂਘਾਰੇ ਦੀ ਭੇਟ ਚੜ੍ਹ ਗਏ। ਇਹ ਘੱਲੂਘਾਰਾ ਅੱਜ ਦੇ ਦਿਨ 5 ਫਰਵਰੀ 1762 ਨੂੰ ਹੋਇਆ। ਸਾਰੇ ਇਤਿਹਾਸਕਾਰਾਂ ਨੇ ਇਹੀ ਮਿਤੀ ਦਿੱਤੀ ਹੈ, ਪਰ ਪ੍ਰਸਿੱਧ ਇਤਿਹਾਸਕਾਰ ਕਰਮ ਸਿੰਘ ਦੀ ਖੋਜ ਅਨੁਸਾਰ ਇਹ ਘੱਲੂਘਾਰਾ 4 ਫਰਵਰੀ 1762 ਨੂੰ ਹੋਇਆ। ਇਸ ਘੱਲੂਘਾਰੇ ਵਿੱਚ ਸ਼ਹੀਦ ਹੋਣ ਵਾਲਿਆਂ ਵਿੱਚ ਬਹੁਤੀ ਗਿਣਤੀ ਵਹੀਰ ਵਾਲਿਆਂ ਦੀ ਸੀ। ਵਹੀਰ ਸਦਾ ਸ਼ਸਤਰਾਂ ਰਹਿਤ ਹੁੰਦਾ ਹੈ। ਅਸਲ ਲੜਾਕੇ ਸਿੱਖਾਂ ਦੇ ਘੱਟ ਸ਼ਹੀਦ ਹੋਏ ਅਤੇ ਦੁਰਾਨੀਆਂ ਦੀ ਫੌਜ ਦੇ ਵੱਧ। ਜਦ ਸ਼ਾਮ ਹੋਈ ਤਾਂ ਦਲ ਵਿੱਚ ਇੱਕ ਸਿੰਘ ਕਹਿੰਦਾ ਫਿਰਦਾ ਸੀ, ਹੁਣ ਤੱਤ ਖਾਲਸਾ ਹੀ ਰਹਿ ਗਿਆ ਹੈ ਅਤੇ ਖੋਟ ਜਾਂਦੀ ਰਹੀ ਹੈ।

ਉਸ ਸਮੇਂ ਦੇ ਸਿੰਘਾਂ ਦੀ ਜਥੇਬੰਦੀ ਅਤੇ ਪੰਥ ਦੀ ਖਾਤਰ ਜਾਨਾਂ ਵਾਰਨ ਦਾ ਸ਼ੌਕ ਇਹ ਦੋ ਐਸੀਆਂ ਗੱਲਾਂ ਸਨ ਜੋ ਸਿੰਘਾਂ ਨੂੰ ਹਰ ਮੈਦਾਨ ਫਤਹਿ ਬਖਸ਼ਦੀਆਂ ਸਨ। ਬਹਾਦਰੀ ਇਸ ਗੱਲ ਵਿੱਚ ਹੈ ਕਿ ਅਹਿਮਦਸ਼ਾਹ ਪੂਰੀ ਤਾਕਤ ਵਿੱਚ ਹੁੰਦਿਆਂ ਹੋਇਆਂ ਵੀ ਬਾਰਾਂ ਕੋਹਾਂ ਵਿੱਚ ਸਿੰਘਾਂ ਦੀ ਕਤਾਰ ਨਾ ਤੋੜ ਸਕਿਆ, ਸਗੋਂ ਇੱਥੋਂ ਤੱਕ ਵੀ ਕਿ ਉਨ੍ਹਾਂ ਦੇ ਵਹੀਰ ਤੋਂ ਲੜਾਕਿਆਂ ਸਿੰਘਾਂ ਨੂੰ ਅੱਡ ਵੀ ਨਾ ਕਰ ਸਕਿਆ। ਉਹ ਨਿਯਮ-ਬੱਧ ਢੰਗ ਨਾਲ ਪਿੱਛੇ ਹਟਦੇ ਗਏ। ਸਾਰੀ ਦੁਨੀਆਂ ਦੇ ਇਤਿਹਾਸ ਵਿੱਚ ਇੱਕ ਵੀ ਇਹੋ ਜਿਹੀ ਮਿਸਾਲ ਨਹੀਂ ਮਿਲਦੀ ਕਿ ਕੋਈ ਫੌਜ ਦੁਸ਼ਮਣ ਤੋਂ ਪਿੱਛੇ ਹਟ ਰਹੀ ਹੋਵੇ ਅਤੇ ਨਾਲ ਦੀ ਨਾਲ ਆਪਣੇ ਵਹੀਰ ਨੂੰ ਵੀ ਬਚਾ ਲਿਆ ਹੋਵੇ।

ਇਹ ਦੁਰਾਨੀਆਂ ਉੱਤੇ ਸਿੱਖਾਂ ਦੀ ਪਹਿਲੀ ਜਿੱਤ ਸੀ। ਫਿਰ ਤਾਂ ਜਿੱਤਾਂ ਦਾ ਅਜਿਹਾ ਸਿਲਸਿਲਾ ਤੁਰਿਆ ਕਿ ਜਮਰੌਦ ਉੱਤੇ ਜਾ ਕੇ ਖਤਮ ਹੋਇਆ। ਫਲਸਰੂਪ ਪੰਜਾਬ ਦੇ ਲੋਕਾਂ ਦੇ ਦਿਲਾਂ ਤੋਂ ਪਠਾਣਾਂ ਦਾ ਰੁਹਬ ਜਾਂਦਾ ਰਿਹਾ ਅਤੇ ਪਠਾਣਾਂ ਦੇ ਦਿਲਾਂ ’ਤੇ ਸਿੱਖਾਂ ਦਾ ਰੁਹਬ ਬੈਠ ਗਿਆ। ਇਹ ਜਿੰਦਾ ਕੌਮਾਂ ਦੇ ਗੁਣ ਹਨ।

(‘ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ’, ਪੰਨੇ 76,84-85)

(ਤੇਜਾ ਸਿੰਘ, ਗੰਡਾ ਸਿੰਘ, ‘ਸਿੱਖ ਇਤਿਹਾਸ’, ਪੰਨੇ 192-93)

-2-

ਅੱਜ ਦਾ ਬਿਆਨ ਭਾਈ ਚੇਤ ਸਿੰਘ ਦੀ ਦੇਸ-ਭਗਤੀ ਤੇ ਸਿੱਖੀ ਵਿੱਚ ਸ਼ਰਧਾ ਦਾ ਉਲੇਖ ਹੈ। ਆਪ ਦਾ ਜਨਮ ਪਿੰਡ ਬੁੰਡਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਭਾਈ ਜਵਾਲਾ ਸਿੰਘ ਅਤੇ ਮਾਈ ਰਾਮ ਕੌਰ ਦੇ ਗ੍ਰਹਿ ਵਿਖੇ 28 ਮਈ, 1891 ਨੂੰ ਹੋਇਆ। ਉਸ ਨੇ ਛੋਟੀ ਉਮਰ ਵਿੱਚ ਹੀ ਅੰਮ੍ਰਿਤਪਾਨ ਕਰ ਲਿਆ ਸੀ ਅਤੇ ਦਰਸ਼ਨੀ ਜਵਾਨ ਹੋ ਕੇ ਉੱਭਰਿਆ ਸੀ।

ਆਪ ਅੱਜ ਦੇ ਦਿਨ 5 ਫਰਵਰੀ, 1921 ਨੂੰ ਪਿਸ਼ਾਵਰ ਵਿੱਚ ਭਾਈ ਜੋਗਾ ਸਿੰਘ ਜੀ ਦੇ ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਵਿੱਚ ਸ਼ਾਮਲ ਸਨ। ਘਰ ਵਾਪਸ ਆ ਕੇ ਪਤਾ ਲੱਗਾ ਕਿ ਉਸ ਦੇ ਛੋਟੇ ਭਰਾ ਭਾਈ ਕਿਹਰ ਸਿੰਘ ਨੂੰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਨੂੰ ਆਜ਼ਾਦ ਕਰਵਾਉਣ ਵਾਸਤੇ ਆਪਣਾ ਨਾਂ ਭਾਈ ਲਛਮਨ ਸਿੰਘ ਧਾਰੋਵਾਲ ਦੇ ਜਥੇ ਵਿੱਚ ਦਰਜ ਕਰਵਾ ਦਿੱਤਾ ਸੀ। ਭਾਈ ਚੇਤ ਸਿੰਘ ਜੀ, ਭਾਈ ਕਿਹਰ ਸਿੰਘ ਦੀ ਥਾਂ ਖੁਦ ਜਥੇ ਵਿੱਚ ਚਲੇ ਗਏ ਅਤੇ 20 ਫਰਵਰੀ, 1921 ਨੂੰ ਸ਼ਹੀਦ ਹੋ ਗਏ।

(‘ਐਨਸਾਈਕਲੋਪੀਡੀਆ ਆਫ ਸਿੱਖਿਜ਼ਮ’, ਭਾਗ 1, ਪੰਨਾ 458)

-3-

ਅੱਜ ਦਾ ਉਲੇਖ ਇੱਕ ਨਿਰਦਈ ਪੁਲਿਸ ਮੁਖੀ ਨੂੰ ਸਿੱਧੇ ਰਾਹ ਪਾਉਣ ਅਤੇ ਸ. ਜਗਵਿੰਦਰ ਸਿੰਘ ਦੀ ਅਖ਼ਲਾਕੀ ਉੱਚਤਾ ਦਾ ਪ੍ਰਤੀਕ ਹੈ। ਜੇ. ਐਫ. ਰਿਬੈਰੋ ਨੂੰ ਕਿਸੇ ਹੋਰ ਸੂਬੇ 'ਚੋਂ ਤਰੱਕੀ ਦੇ ਕੇ ਪੰਜਾਬ ਦਾ ਪੁਲਿਸ ਮੁਖੀ ਥਾਪ ਦਿੱਤਾ ਸੀ। ਉਸ ਨੇ ਹੀ ਬਨਾਉਟੀ ਪੁਲਿਸ ਮੁਕਾਬਲਿਆਂ ਦੀ ਪਿਰਤ ਪਾਈ ਅਤੇ ਸਖਤੀ ਨਾਲ ਅਮਲ ਵੀ ਕੀਤਾ ਸੀ। 20 ਅਗਸਤ, 1991 ਨੂੰ ਰੋਮਾਨੀਆ ਵਿੱਚ ਸ੍ਰੀ ਜੇ. ਐਫ. ਰਿਬੈਰੋ ਉੱਤੇ ਹਮਲਾ ਹੋਇਆ। ਸ. ਜਗਵਿੰਦਰ ਸਿੰਘ ਹਮਲਾ ਕਰਨ ਵਾਲੀ ਗੱਡੀ ਦੀ ਡਰਾਇਵਰ ਸੀ। ਉਸ ਦੇ ਮੋਢੇ ਵਿੱਚ ਗੋਲੀ ਲੱਗ ਗਈ ਸੀ।

ਸ. ਜਗਵਿੰਦਰ ਸਿੰਘ ਨੇ ਅੱਜ ਦੇ ਦਿਨ 5 ਫਰਵਰੀ, 1992 ਨੂੰ ਰੋਮਾਨੀਆ ਦੀ ਫੌਜੀ ਅਦਾਲਤ ਦੇ ਜੱਜ ਮਿਸਟਰ ਲਿਸਟਰ ਸਾਹਮਣੇ ਅਖਲਾਕੀ ਉੱਚਤਾ ਦਾ ਪ੍ਰਤੀਕ ਇਹ ਬਿਆਨ ਦਿੱਤਾ ਸੀ – "ਸਾਡੀ ਵਿਉਂਤ ਅਤੇ ਭਾਵਨਾ ਤਾਂ ਕੇਵਲ ਇਹ ਸੀ ਕਿ ਸ੍ਰੀ ਰਿਬੈਰੋ ਨੂੰ ਅਗਵਾ ਕਰ ਲਿਆ ਜਾਵੇ। ਬਾਅਦ ਵਿੱਚ ਸਹੀ ਸਲਾਮਤ ਰਿਹਾਅ ਕਰ ਦਿੱਤਾ ਜਾਵੇ। ਇਸ ਪ੍ਰਕਾਰ ਇਹ ਸਾਬਤ ਕੀਤਾ ਜਾਵੇ ਕਿ ਸਿੱਖ ਅੱਤਵਾਦੀ ਨਾ ਹੋ ਕੇ ਅਮਨਪਸੰਦ ਸ਼ਹਿਰੀ ਹਨ। ਫਾਇਰ ਤਾਂ ਕੇਵਲ ਡਰਾਵੇ ਵਾਸਤੇ ਕੀਤੇ ਗਏ ਸਨ। ਜਗਰਾਜ ਸਿੰਘ ਖੁਦ ਵੀ ਸ਼ਹੀਦ ਹੋ ਗਿਆ ਸੀ। ਸ੍ਰੀ ਰਿਬੈਰੋ ਦੀ ਪਤਨੀ ਮੇਰੀ ਕਾਰ ਦੇ ਬਿਲਕੁਲ ਨੇੜੇ ਸੀ। ਇਸਤਰੀ ਉੱਤੇ ਵਾਰ ਕਰਨਾ ਖਾਲਸੇ ਦੀ ਰਵਾਇਤ ਨਹੀਂ, ਇਸ ਵਾਸਤੇ ਉਸ ਦਾ ਪੂਰਣ ਸਤਿਕਾਰ ਕੀਤਾ ਗਿਆ ਸੀ।" ਇਸ ਤੱਥ ਦੀ ਪੁਸ਼ਟੀ ਤਾਂ ਕਾਜ਼ੀ ਨੂਰ ਮੁਹੰਮਦ ਨੇ ਜੰਗਨਾਮੇ ਵਿੱਚ ਵੀ ਕੀਤੀ ਹੈ ਕਿ ਸਿੱਖ ਇਸਤਰੀ ਦੀ ਬੇਪਤੀ ਨਹੀਂ ਕਰਦਾ। ਇਖਲਾਕੀ ਤੌਰ 'ਤੇ ਬਹੁਤ ਉੱਚਾ ਹੈ।

(16 ਜੁਲਾਈ, 1992 ਦੇ ਅਖਬਾਰ ਵਿੱਚ ਛਪੀ ਖਬਰ)

## 6 ਫਰਵਰੀ

ਅੱਜ ਦਾ ਉਲੇਖ ਮਹਾਰਾਜਾ ਰਣਜੀਤ ਸਿੰਘ ਦੇ ਫੌਜੀ ਜਰਨੈਲ ਸਹਿਜਧਾਰੀ ਸਿੱਖ ਦੀਵਾਨ ਮੁਹਕਮ ਚੰਦ ਦੀ ਰਾਜ ਭਗਤੀ ਅਤੇ ਬਹਾਦਰੀ ਦਾ ਪ੍ਰਤੀਕ ਹੈ। ਅੱਜ ਦੇ ਦਿਨ 6 ਫਰਵਰੀ 1812 ਨੂੰ ਸ਼ਾਹਜ਼ਾਦਾ ਖੜਕ ਸਿੰਘ ਦਾ ਵਿਆਹ ਸੀ। ਅੰਗਰੇਜ਼ਾਂ ਦੀ ਤਰਫੋਂ ਸਰ ਡੇਵਡ ਅਕਟਰ ਲੋਨੀ ਪ੍ਰਤੀਨਿਧ ਬਣ ਕੇ ਆਇਆ ਸੀ। ਉਨ੍ਹਾਂ ਦਿਨਾਂ ਵਿੱਚ ਔਰੰਗਜ਼ੇਬ ਦੀ ਸ਼ਾਹੀ ਮਸਜਿਦ ਨੂੰ ਕਿਲ੍ਹੇ ਨਾਲ ਜੋੜਨ ਦਾ ਕੰਮ ਚੱਲ ਰਿਹਾ ਸੀ। ਸਰ ਡੇਵਡ ਅਕਟਰ ਲੋਨੀ ਨੇ ਕਿਲ੍ਹਾ ਵੇਖਣ ਦੀ ਇੱਛਾ ਪ੍ਰਗਟ ਕੀਤੀ। ਆਮ ਸਿੱਖ ਜਨਤਾ ਅਤੇ ਵਿਸ਼ੇਸ਼ ਕਰਕੇ ਦੀਵਾਨ ਮੁਹਕਮ ਚੰਦ ਅੰਗਰੇਜ਼ਾਂ ਜਾਂ ਕਿਸੇ ਹੋਰ ਬਦੇਸ਼ੀ ਨੂੰ ਕਿਸੇ ਪ੍ਰਕਾਰ ਦਾ ਵੀ ਭੇਤ ਦੇਣ ਦੇ ਖਿਲਾਫ ਸੀ।

ਮਹਾਰਾਜਾ ਸਾਹਿਬ ਸਰ ਡੇਵਿਡ ਅਕਟਰ ਲੋਨੀ ਨੂੰ ਕਿਲ੍ਹਾ ਵਿਖਾਉਣ ਵਾਸਤੇ ਲੈ ਤੁਰੇ। ਦੀਵਾਨ ਮੁਹਕਮ ਚੰਦ ਪਹਿਲਾਂ ਹੀ ਕਿਲ੍ਹੇ ਦੇ ਹਜ਼ੂਰੀ ਦਰਵਾਜ਼ੇ ਉੱਤੇ ਪਹੁੰਚ ਗਏ। ਮਹਾਰਾਜਾ ਸਾਹਿਬ ਆਏ ਤਾਂ ਮੁਹਕਮ ਚੰਦ ਨੇ ਝੱਟ ਕਿਲ੍ਹੇ ਦਾ ਦਰਵਾਜ਼ਾ ਬੰਦ ਕਰ ਲਿਆ। ਆਪਣੀ ਤਲਵਾਰ ਮਿਆਨ ਵਿੱਚੋਂ ਕੱਢ ਲਈ ਅਤੇ ਮਹਾਰਾਜਾ ਸਾਹਿਬ ਨੂੰ ਪੇਸ਼ ਕਰਕੇ ਕਹਿਣ ਲੱਗੇ ਕਿ "ਸਰਕਾਰ! ਪਹਿਲਾਂ ਆਪਣੇ ਹੱਥੀਂ ਮੇਰਾ ਗਲ ਵੱਢ ਸੁੱਟੋ, ਫੇਰ ਨਿਸ਼ੰਗ ਇਸ ਫਰੰਗੀ ਨੂੰ ਕਿਲ੍ਹਾ ਪਏ ਦੱਸੋ। ਪਰ ਜਦ ਤੱਕ ਮੇਰੀ ਦੇਹ ਵਿੱਚ ਪ੍ਰਾਣ ਹਨ ਮੇਰੀਆਂ ਅੱਖਾਂ ਕਿਲ੍ਹੇ ਵਿੱਚ ਕਿਸੇ ਗੈਰ ਦਾ ਕਦਮ ਨਹੀਂ ਸਹਾਰ ਸਕਦੀਆਂ।" ਇਹ ਘਟਨਾ ਤਾਂ ਇੱਕ ਪਾਸੇ ਰਹੀ ਉਸ ਦਾ ਖਾਲਸਾ ਫੌਜ ਦੀ ਪਰੇਡ ਵੇਖਣਾ ਅਤੇ ਮਹਾਰਾਜਾ ਸਾਹਿਬ ਦੇ ਨਾਲ ਸੈਰ ਨੂੰ ਜਾਣਾ ਵੀ ਵਫਾਦਾਰ ਅਫਸਰਾਂ ਨੂੰ ਚੰਗਾ ਨਹੀਂ ਲੱਗਿਆ ਸੀ।

(ਬਾਬਾ ਪ੍ਰੇਮ ਸਿੰਘ ਹੋਤੀ, 'ਖਾਲਸਾ ਰਾਜ ਦੇ ਉਸਰੱਈਏ', ਭਾਗ 1, ਪੰਨਾ 131)

## 7 ਫਰਵਰੀ

ਅੱਜ ਦਾ ਇਤਿਹਾਸ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧ ਰੱਖਦਾ ਹੈ। ਇੱਕ ਮੁਸਲਮਾਨ ਰਿਆਸਤ ਉੱਤੇ ਕਬਜ਼ਾ ਕਰਨ ਦਾ ਸਾਕਾ ਹੈ। ਸਭ ਤੋਂ ਪਹਿਲਾਂ ਆਪ ਨੇ ਇੱਕ ਇੱਕ ਕਰ ਕੇ ਸਿੱਖ ਸਰਦਾਰਾਂ ਦੇ ਇਲਾਕਿਆਂ 'ਤੇ ਕਬਜ਼ਾ ਕੀਤਾ। ਹੁਣ ਹਿੰਦੂ ਅਤੇ ਮੁਸਲਮਾਨ ਇਲਾਕਿਆਂ ਦੀ ਵਾਰੀ ਸੀ। ਫ਼ਤਹਿ ਖਾਨ ਚਜ ਦੁਆਬ ਵਿੱਚ ਸਾਹੀਵਾਲ ਇਲਾਕੇ ਦਾ ਸਰਦਾਰ ਸੀ। 25 ਜਨਵਰੀ, 1810 ਨੂੰ ਫਤਹਿ ਖਾਨ ਨੇ ਮਹਾਰਾਜਾ ਸਾਹਿਬ ਨੂੰ 80,000 ਰੁਪਏ ਕਰ ਦੇਣ ਦਾ ਵਾਅਦਾ ਕੀਤਾ। ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਉਹ ਪੂਰਾ 'ਕਰ' ਇਕੱਠਾ ਨਾ ਕਰ ਸਕਿਆ। ਅੱਜ ਦੇ ਦਿਨ 7 ਫਰਵਰੀ 1810 ਨੂੰ ਸਾਹੀਵਾਲ ਕਸਬੇ ਨੂੰ ਘੇਰਾ ਪਾ ਲਿਆ ਗਿਆ। ਫਤਹਿ ਖਾਨ ਨੇ ਆਤਮ ਸਮਰਪਣ ਕਰ ਦਿੱਤਾ। ਉਸ ਨੂੰ ਕੈਦੀ ਬਣਾ ਕੇ ਪਰਿਵਾਰ ਸਮੇਤ ਲਾਹੌਰ ਲਿਜਾਇਆ ਗਿਆ। ਸਾਹੀਵਾਲ ਦੇ ਇਲਾਕੇ ਨੂੰ ਸਿੱਖ ਰਾਜ ਵਿੱਚ ਸ਼ਾਮਲ ਕਰ ਲਿਆ ਗਿ।

(ਹਰੀ ਰਾਮ ਗੁਪਤਾ, 'ਸਿੱਖਾਂ ਦਾ ਇਤਿਹਾਸ' ਭਾਗ 5, ਪੰਨਾ 79)

## 8 ਫਰਵਰੀ

ਅੱਜ ਦਾ ਬਿਆਨ ਧਰਮਯੁੱਧ ਮੋਰਚੇ ਸਬੰਧੀ ਹੈ। ਸਿੱਖਾਂ ਨੇ ਆਪਣੀਆਂ ਜਾਇਜ਼ ਅਤੇ ਹੱਕੀ ਮੰਗਾਂ ਮਨਵਾਉਣ ਵਾਸਤੇ 4 ਅਗਸਤ, 1982 ਨੂੰ ਧਰਮ ਯੁੱਧ ਮੋਰਚਾ ਆਰੰਭ ਕਰ ਦਿੱਤਾ। ਮੋਰਚਾ ਪੂਰੇ ਸ਼ਾਂਤਮਈ ਢੰਗ ਨਾਲ ਚੱਲ ਰਿਹਾ ਸੀ। ਸਿੱਖ ਅਮਨ ਭਰਪੂਰ ਢੰਗਾਂ ਨਾਲ ਵਿਸ਼ਵਾਸ ਦੇ ਨਾਲ ਨਾਲ ਤਾਕਤ ਦਾ ਵਿਖਾਵਾ ਵੀ ਕਰਨਾ ਚਾਹੁੰਦੇ ਸਨ। ਇਸ ਵਾਸਤੇ ਸਿੱਖਾਂ ਨੇ ਅੱਜ ਦੇ ਦਿਨ 8 ਫਰਵਰੀ, 1984 ਨੂੰ ਪੰਜਾਬ ਬੰਦ ਦਾ ਸੱਦਾ ਦੇ ਦਿੱਤਾ। ਕੇਂਦਰੀ ਸਰਕਾਰ ਮੰਗਾਂ ਮੰਨਣੀਆਂ ਤਾਂ ਦਰ-ਕਿਨਾਰ, ਮੰਗਾਂ ਬਾਰੇ ਗੱਲਬਾਤ ਕਰਨ ਤੋਂ ਵੀ ਗੁਰੇਜ਼ ਕਰਦੀ ਸੀ।

ਬੰਦ ਪੂਰਨ ਰੂਪ ਵਿੱਚ ਸਫਲ ਰਿਹਾ। ਸ਼ਾਂਤੀ ਵੀ ਕਾਇਮ ਰਹੀ। ਬੰਦ ਇੱਕ ਪ੍ਰਕਾਰ ਨਾਲ ਸਿੱਖਾਂ ਦੀ ਨੈਤਿਕ ਬਹਾਦਰੀ ਦਾ ਪ੍ਰਤੀਕ ਸੀ। ਸਿੱਖਾਂ ਦੇ ਕਿਰਦਾਰ ਨੇ ਸਰਕਾਰ ਨੂੰ ਟੁੰਬਿਆ ਅਤੇ ਭੈਅ-ਭੀਤ ਕੀਤਾ। ਸਰਕਾਰ ਝੁਕ ਗਈ ਅਤੇ ਆਪਣਾ ਰਵੱਈਆ ਬਦਲਣ ਵਾਸਤੇ ਮਜ਼ਬੂਰ ਹੋ ਗਈ।

ਉਸ ਨੇ ਮੰਗਾਂ ਬਾਰੇ ਗੱਲਬਾਤ ਦਾ ਸੱਦਾ ਦੇ ਦਿੱਤਾ।

(ਕੁਲਦੀਪ ਨਈਅਰ ਅਤੇ ਖੁਸ਼ਵੰਤ ਸਿੰਘ 'ਪੰਜਾਬ ਦਾ ਦੁਖਾਂਤ', ਪੰਨਾ 117)

## 9 ਫਰਵਰੀ

-1-ਅੱਜ ਦਾ ਇਤਿਹਾਸ ਇੱਕ ਸਿੱਖ ਜਰਨੈਲ ਦੁਆਰਾ ਪਵਿੱਤਰ ਪ੍ਰਣ ਕਰਨ ਅਤੇ ਉਸ ਪ੍ਰਣ ਨੂੰ ਸਿਰਧੜ ਦੀ ਬਾਜ਼ੀ ਲਾ ਕੇ ਨਿਭਾਉਣ ਦਾ ਇਤਿਹਾਸ ਹੈ। ਸਿੱਖ ਕੌਮ ਅਤੇ ਸਿੱਖ ਰਾਜ ਨੂੰ ਬਚਾਉਣ ਦੀ ਖਾਤਰ ਮਰ ਮਿਟਣ ਦਾ ਉਲੇਖ ਹੈ। ਸਿੱਖ ਫੀਰੋਜ਼ਸ਼ਾਹ ਦੀ ਲੜਾਈ ਹਾਰ ਚੁੱਕੇ ਸਨ। ਮਹਾਰਾਣੀ ਜਿੰਦਾਂ ਦਾ ਸੁਨੇਹਾ ਪਾ ਕੇ, ਸ. ਸ਼ਾਮ ਸਿੰਘ ਅਟਾਰੀਵਾਲਾ, ਸਭਰਾਵਾਂ ਦੀ ਜੰਗ ਲੜਨ ਵਾਸਤੇ ਤਿਆਰ ਹੋ ਗਿਆ। ਜੰਗ ਦੇ ਮੈਦਾਨ ਵਿੱਚ ਪਹੁੰਚ ਕੇ ਉਸ ਨੂੰ ਪਤਾ ਲੱਗਾ ਕਿ ਡੋਗਰਿਆਂ ਨੇ ਗੱਦਾਰੀ ਵਾਲੀ ਹੱਦ ਕਰ ਛੱਡੀ ਸੀ। ਦਿਲੋਂ ਉਹ ਇਹੀ ਚਾਹੁੰਦੇ ਸਨ ਕਿ ਸਿੱਖ ਫੌਜਾਂ ਹਾਰ ਜਾਣ। ਫਿਰ ਵੀ ਇਸ ਬਹਾਦਰ ਸੂਰਬੀਰ ਨੇ ਕਾਫੀ ਸੋਚ ਵਿਚਾਰ ਤੋਂ ਬਾਅਦ ਆਪਣਾ ਸਭ ਕੁਝ ਦਾਅ 'ਤੇ ਲਾ ਕੇ, ਜੰਗ ਵਿੱਚ ਕੁੱਦਣ ਦੇ ਇਰਾਦੇ ਨਾਲ, ਜੰਗ ਦਾ ਬੀੜਾ ਚੁੱਕ ਲਿਆ। ਇਸ ਪ੍ਰਕਾਰ ਇੱਕ ਪਾਸੇ ਰਾਜਾ ਗੁਲਾਬ ਸਿੰਘ, ਤੇਜਾ ਸਿੰਘ ਤੇ ਲਾਲ ਸਿੰਘ ਜਾਤੀ ਸਵਾਰਥ ਦੀ ਪੂਰਤੀ ਲਈ ਅਤੇ ਦੂਜੇ ਪਾਸੇ ਸ. ਸ਼ਾਮ ਸਿੰਘ ਰਾਜ ਦੀ ਸਲਾਮਤੀ ਲਈ ਡਟ ਗਏ।

ਡੋਗਰਿਆਂ ਨੇ ਅੰਗਰੇਜ਼ਾਂ ਨਾਲ ਇਹ ਤਿੰਨ ਗੱਲਾਂ ਪਹਿਲਾਂ ਹੀ ਮਿਥ ਲਈਆਂ ਸਨ ਕਿ ਪਹਿਲਾ ਹੱਲਾ ਅੰਗਰੇਜ਼ ਕਰਨਗੇ। ਦੂਜੀ, ਹਾਰ ਜਾਣ ਪਿੱਛੋਂ ਲਾਹੌਰ ਸਰਕਾਰ ਫੌਜਾਂ ਦਾ ਸਾਥ ਨਹੀਂ ਦੇਵੇਗੀ। ਤੀਜੀ, ਸਤਲੁਜ ਤੋਂ ਅੱਗੇ ਹੋਰ ਕਿਤੇ ਅੰਗਰੇਜ਼ਾਂ ਦਾ ਟਾਕਰਾ ਨਹੀਂ ਕੀਤਾ ਜਾਵੇਗਾ। ਹੋਰ ਗੱਲਾਂ ਤਾਂ ਡੋਗਰਿਆਂ ਦੇ ਹੱਥ ਵੱਸ ਸਨ ਪਰ ਫੌਜਾਂ ਨੂੰ ਸਤਲੁਜ ਤੋਂ ਪਾਰ ਧੱਕਣਾ ਤੇ ਖਿੰਡਾਉਣਾ ਉਨ੍ਹਾਂ ਦੇ ਵੱਸ ਨਹੀਂ ਸੀ। ਉਹ ਜਾਣਦੇ ਸਨ ਕਿ ਸ. ਸ਼ਾਮ ਸਿੰਘ ਕਦੇ ਵੀ ਅੰਗਰੇਜ਼ਾਂ ਨਾਲ ਗੱਠਜੋੜ ਜਾਂ ਉਨ੍ਹਾਂ ਦੀ ਗੁਲਾਮੀ ਸਵੀਕਾਰ ਨਹੀਂ ਕਰਨਗੇ। ਉਨ੍ਹਾਂ ਦੀ ਅਗਵਾਈ ਹੇਠ ਸਿੱਖ ਫੌਜ ਡਟ ਕੇ ਅੰਗਰੇਜ਼ਾਂ ਨਾਲ ਟੱਕਰ ਲਵੇਗੀ। ਉਨ੍ਹਾਂ ਨੇ ਸ. ਸ਼ਾਮ ਸਿੰਘ ਅਟਾਰੀ ਨੂੰ ਅੰਗਰੇਜ਼ਾਂ ਨਾਲ ਲੜਨੋਂ ਹਟਾਉਣ ਲਈ ਅੰਤਿਮ ਦਮ ਤੱਕ ਜ਼ੋਰ ਲਾਇਆ। ਇੱਥੋਂ ਤੱਕ ਕਿ ਅੱਜ ਦੇ ਦਿਨ 9 ਫਰਵਰੀ, 1846 ਦੀ ਰਾਤ ਨੂੰ ਲੜਾਈ ਤੋਂ ਕੁਝ ਘੰਟੇ ਹੀ ਪਹਿਲਾਂ, ਤੇਜਾ ਸਿੰਘ ਨੇ ਆਪ ਅਟਾਰੀ ਵਾਲੇ ਸਰਦਾਰ ਨਾਲ ਮੁਲਾਕਾਤ ਕਰਕੇ ਸਲਾਹ ਦਿੱਤੀ ਕਿ ਅੰਗਰੇਜ਼ਾਂ ਨਾਲ ਟੱਕਰ ਲੈ ਕੇ, ਉਹ ਆਪਣੀ ਮੌਤ ਨੂੰ ਅਵਾਜ਼ਾਂ ਨਾ ਮਾਰਨ। ਸਰਦਾਰ ਨੂੰ ਇਹ ਕਹਿ ਕੇ ਡਰਾਉਣ ਦੀ ਕੋਸ਼ਿਸ਼ ਵੀ ਕੀਤੀ ਕਿ ਅੰਗਰੇਜ਼ਾਂ ਨੂੰ ਭਾਰੀ ਕੁਮਕ ਪਹੁੰਚ ਗਈ ਸੀ ਤੇ ਜੰਗੀ ਤਿਆਰੀ ਵੀ ਬਹੁਤ ਸੀ ਜਿਸ ਕਾਰਨ ਲੜਾਈ ਵਿੱਚ ਸਿੱਖਾਂ ਦੀ ਹਾਰ ਯਕੀਨੀ ਸੀ। ਉਸ ਨੇ ਸਰਦਾਰ ਨੂੰ ਸਮਝਾਇਆ ਕਿ ਉਹ ਲੜਾਈ ਦੀ ਥਾਂ ਜੰਗ ਵਿੱਚੋਂ ਭੱਜ ਜਾਣ। ਉਨ੍ਹਾਂ ਨੇ ਬੜੀ ਨਫਰਤ ਨਾਲ ਤੇਜਾ ਸਿੰਘ ਦੀ ਸਲਾਹ ਠੁਕਰਾ ਦਿੱਤੀ। ਹੁਣ ਤੇਜਾ ਸਿੰਘ ਨੇ ਤਾਹਨਾ ਮਾਰਿਆ ਕਿ ਸਰਦਾਰਾ, ਜੇ ਤੂੰ ਇੰਨਾ ਹੀ ਬਹਾਦਰ ਹੈਂ ਤਾਂ ਸਹੁੰ ਚੁੱਕ ਕਿ ਤੂੰ ਜੰਗ ਦਾ ਮੈਦਾਨ ਨਹੀਂ ਛੱਡੇਂਗਾ, ਕਿਉਂਕਿ ਕਰਨਾ ਅੰਤ ਨੂੰ ਤੂੰ ਉਹੀ ਹੈ ਜੋ ਮੈਂ ਕਹਿ ਰਿਹਾ ਹਾਂ। ਅੱਜ ਤੱਕ ਅਸੀਂ ਮਹਾਭਾਰਤ ਦੇ ਵੀਰ ਨਾਇਕ ਭੀਸ਼ਮ ਪਿਤਾਮਾ ਦੀ ਪ੍ਰਤਿੱਗਿਆ ਦਾ ਜ਼ਿਕਰ ਸੁਣਦੇ ਆਏ ਹਾਂ ਕਿ ਉਸ ਨੇ ਸਾਰੀ ਉਮਰ ਵਿਆਹ ਨਾ ਕਰਵਾਉਣ ਅਤੇ ਸੰਤਾਨ ਪੈਦਾ ਨਾ ਕਰਨ ਦੀ ਪ੍ਰਤਿੱਗਿਆ ਕੀਤੀ ਸੀ। ਲਉ ਸ. ਸ਼ਾਮ ਸਿੰਘ ਅਟਾਰੀ ਦੀ ਪ੍ਰਤਿਗਿਆ ਵੀ ਸੁਣੋ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਵਿੱਚ ਅਰਦਾਸਾ ਸੋਧ ਕੇ ਪ੍ਰਤਿੱਗਿਆ ਕੀਤੀ ਕਿ ਜੇ ਮੈਂ ਜੰਗ ਦੇ ਮੈਦਾਨ ਵਿੱਚੋਂ ਪਰਤਿਆ ਤਾਂ ਜਿੱਤ ਕੇ ਪਰਤਾਂਗਾ ਨਹੀਂ ਤਾਂ ਜਿਉਂਦਾ ਵਾਪਸ ਨਹੀਂ ਆਵਾਂਗਾ। ਅਗਲੇ ਦਿਨ 10 ਫਰਵਰੀ, 1846 ਨੂੰ ਸਰਦਾਰ ਨੇ ਆਪਣੀ ਫੌਜ ਨੂੰ ਵੰਗਾਰ ਦਿੱਤੀ ਕਿ ਉਹ ਗੁਰੂ ਦੇ ਨਾਂ 'ਤੇ ਦੁਸ਼ਮਣ 'ਤੇ ਟੁੱਟ ਕੇ ਪੈ ਜਾਣ। ਆਪ ਨੇ ਖਾਲਸਾ ਫੌਜ ਨੂੰ ਉਸ ਬਹਾਦਰੀ ਤੇ ਕੁਰਬਾਨੀ ਦੇ ਸ਼ਾਨਦਾਰ ਵਿਰਸੇ ਦੀ ਯਾਦ ਦਿਵਾ ਕੇ ਰਣਭੂਮੀ ਵਿੱਚ ਮਰ ਮਿਟਣ ਲਈ ਪ੍ਰੇਰਿਆ। ਸਰਦਾਰ ਦੀ ਆਪਣੀ ਜਾਨ ਵੀ ਤਲੀ ਉੱਤੇ ਰੱਖੀ ਹੋਈ ਸੀ। ਇਸ ਨੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ। ਇਸ ਜੰਗ ਵਿੱਚ ਸ. ਸ਼ਾਮ ਸਿੰਘ ਦੀ ਫੁਰਤੀ ਤੇ ਜ਼ੋਸ਼ ਵੇਖਣ ਵਾਲਾ ਸੀ। ਇੱਕ ਦਸਤੇ ਤੋਂ ਦੂਜੇ ਦਸਤੇ ਤੱਕ ਘੋੜੀ ਭਜਾਈ ਫਿਰਦੇ ਸਰਦਾਰ ਨੂੰ ਵੇਖ ਕੇ ਇਉਂ ਲੱਗਦਾ, ਜਿਵੇਂ ਹਰ ਥਾਂ ਸਰਦਾਰ ਆਪ ਹੀ ਲੜ ਰਿਹਾ ਹੋਵੇ। ਸਿੰਘ ਨਿੱਡਰ ਹੋਏ ਡਟੇ ਖੜੋਤੇ ਸਨ। ਅੰਗਰੇਜ਼ ਉਂਗਲਾਂ ਟੁੱਕ ਰਹੇ ਸਨ। ਆਖਿਰ ਸਿੱਖ ਫੌਜਾਂ ਦਾ ਸੈਨਾਪਤੀ ਜੰਗ ਦਾ ਮੈਦਾਨ ਛੱਡ ਕੇ ਭੱਜ ਗਿਆ ਅਤੇ ਜਾਂਦਾ ਜਾਂਦਾ ਦਰਿਆ 'ਤੇ ਬਣਿਆ ਪੁਲ ਵੀ ਤੋੜ ਗਿਆ। ਸਰਦਾਰ ਨੂੰ ਪਤਾ ਲੱਗ ਗਿਆ ਕਿ ਹੁਣ ਉਸ ਦਾ ਪ੍ਰਤਿੱਗਿਆ ਪੂਰੀ ਹੋਣ ਦਾ ਸਮਾਂ ਆ ਗਿਆ ਹੈ। ਮੈਦਾਨ ਵਿੱਚੋਂ ਭੱਜਣ ਦੀ ਥਾਂ ਘੋੜੀ ਨੂੰ ਅੱਡੀ ਲਾ ਕੇ ਲੰਮੀ ਦੁੱਧ ਚਿੱਟੀ ਬਰਫ਼ਾਨੀ ਦਾੜ੍ਹੀ ਵਾਲਾ ਬੁੱਢਾ ਜਰਨੈਲ, ਤਲਵਾਰ ਘੁਮਾਉਂਦਾ, ਮੌਤ ਨੂੰ ਟਿੱਚ ਜਾਣਦਾ ਅੱਗੇ ਵਧਿਆ ਅਤੇ ਦੁਸ਼ਮਣ ਦੀਆਂ ਸਫਾਂ ਵਿੱਚ ਜਾ ਵੜਿਆ, ਦੁਸ਼ਮਣ ਦੀਆਂ ਗੋਲੀਆਂ ਨੇ ਉਸ ਦੀ ਛਾਤੀ ਛਾਨਣੀ ਛਾਨਣੀ ਕਰ ਸੁੱਟੀ ਤੇ ਅਣਖੀ ਸਰਦਾਰ ਘੋੜੀ ਤੋਂ ਡਿੱਗ ਪਿਆ। ਸਿੱਖ ਸਭਰਾਵਾਂ ਦੀ ਲੜਾਈ ਹਾਰ ਗਏ। ਸ਼ਾਮ ਸਿੰਘ ਜ਼ਿੰਦਗੀ ਦੀ ਬਾਜ਼ੀ ਜਿੱਤ ਗਿਆ। ਉਹ ਅਕਾਲ ਪੁਰਖ ਅੱਗੇ ਸੁਰਖਰੂ ਸੀ। ਉਸ ਨੇ ਅੰਤਿਮ ਦਮ ਤੱਕ ਸਿੱਖ ਕੌਮ ਦੀ ਸਲਾਮਤੀ ਲਈ ਕੀਤੇ ਕੌਲ ਇਕਰਾਰ ਨਿਭਾ ਦਿੱਤੇ ਸਨ। ਉਸ ਦੀ ਦੇਹ ਦੁਸ਼ਮਣ ਦਿਆਂ ਉਨ੍ਹਾਂ ਮੋਰਚਿਆਂ ਵਿੱਚੋਂ ਲੱਭੀ, ਜਿੱਥੇ ਲੋਥਾਂ ਦਾ ਸਭ ਤੋਂ ਵੱਡਾ ਢੇਰ ਸੀ। ਅੱਜ ਵੀ ਅਟਾਰੀ ਦੇ ਬਾਹਰ ਇਸ ਅਣਖੀ ਸਰਦਾਰ ਤੇ ਸਰਦਾਰਨੀ ਦੀਆਂ ਸਮਾਧਾਂ ਉਸ ਦੀ ਸੂਰਮਗਤੀ ਤੇ ਵੀਰਤਾ ਦੀ ਯਾਦ ਦਿਵਾਉਂਦੀਆਂ ਹਨ।

(ਕੁਲਦੀਪ ਸਿੰਘ ਧੀਰ, 'ਸਿੱਖ ਕੌਮ ਦੇ ਵੀਰ ਨਾਇਕ' ਪੰਨਾ 113)

-2-

ਅੱਜ ਦਾ ਇਤਿਹਾਸ ਬਹੁਤ ਹੀ ਗੌਰਵਮਈ ਹੈ। ਅੱਜ ਦੇ ਦਿਨ ਪੰਜ ਸੌ ਸਿੱਖਾਂ ਦਾ ਇੱਕ ਸ਼ਹੀਦੀ ਜਥਾ ਪੂਰਨ ਰੂਪ ਵਿੱਚ ਸ਼ਾਂਤਮਈ ਰਹਿ ਕੇ, ਧਰਮ ਦੀ ਰਾਖੀ ਕਰਨ ਲਈ ਗੋਲੀਆਂ ਮੂਹਰੇ ਛਾਤੀਆਂ ਡਾਹ ਕੇ ਕੁਰਬਾਨੀ ਕਰਨ ਲਈ ਤੁਰਿਆ ਸੀ। ਦੂਜੀ ਗੱਲ ਇਸੇ ਜਥੇ ਨੇ ਹੀ ਇੱਕ ਆਕੜਖਾਨ ਅੰਗਰੇਜ਼ ਅਫਸਰ ਦੀ ਹੁਕਮ ਅਦੂਲੀ ਕਰਕੇ ਉਸਦਾ ਹੰਕਾਰ ਤੋੜਿਆ ਸੀ, ਜਿਸ ਨੇ ਗੁਰਦੁਆਰਾ ਸਾਹਿਬ ਵਿੱਚ ਜਾਣ ਲਈ ਸਿੱਖਾਂ ਦੀ ਨਫ਼ਰੀ ਖੁਦ ਨੀਯਤ ਕਰਨ ਦੀ ਕਮਾਕਤ ਕੀਤੀ ਸੀ। ਗੱਲ ਮੋਰਚਾ ਗੰਗਸਰ ਜੈਤੋ ਦੀ ਹੈ। 14 ਨਵੰਬਰ, 1923 ਨੂੰ ਅਖੰਡਪਾਠ ਸਾਹਿਬ ਖੰਡਿਤ ਕੀਤੇ ਜਾਣ ’ਤੇ ਇਹ ਮੋਰਚਾ ਲਗਾਇਆ ਗਿਆ ਸੀ। 15 ਸਤੰਬਰ, 1923 ਤੋਂ 8 ਫਰਵਰੀ, 1924 ਤੱਕ ਇਸ ਮੋਰਚੇ ਵਿੱਚ 25-25 ਸਿੱਖਾਂ ਦੇ ਜਥੇ ਭੇਜੇ ਜਾਂਦੇ ਰਹੇ, ਪਰ ਕੋਈ ਸੰਤੋਸ਼ਜਨਕ ਸਿੱਟਾ ਨਿਕਲਦਾ ਨਜ਼ਰ ਨਾ ਆਇਆ ਅਤੇ ਮੋਰਚਾ ਲੰਮਾ ਹੁੰਦੇ ਜਾਣ ਦੀ ਸੰਭਾਵਨਾ ਵਧ ਗਈ ਤਾਂ ਪੰਜ ਪੰਜ ਸੌ ਸਿੱਖਾਂ ਦਾ ਪਹਿਲਾ ਜਥਾ 21 ਫਰਵਰੀ, 1924 ਨੂੰ ਜੈਤੋ ਪੁੱਜੇ ਅਤੇ ਗੁਰਦੁਆਰਾ ਸਾਹਿਬ ’ਤੇ ਕਬਜ਼ਾ ਕਰ ਕੇ ਅਖੰਡਪਾਠ ਸਾਹਿਬ ਆਰੰਭ ਕਰੇ, ਕਿਉਂਕਿ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਮਗਰੋਂ ਗੁਰਦੁਆਰਾ ਸਾਹਿਬ ਦਾ ਕਬਜ਼ਾ ਵੀ 21 ਫਰਵਰੀ, 1921 ਨੂੰ ਲਿਆ ਸੀ। ਸੋ ਅੱਜ ਦੇ ਦਿਨ 9 ਫਰਵਰੀ, 1924 ਨੂੰ ਬਸੰਤ ਪੰਚਮੀ ਵਾਲੇ ਦਿਨ ਪੰਜ ਸੌ ਸਿੰਘਾਂ ਦਾ ਪਹਿਲਾ ਜਥਾ ਅਕਾਲ ਤਖਤ ਸਾਹਿਬ ਤੋਂ ਇਹ ਅਰਦਾਸਾ ਸੋਧ ਕੇ ਚੱਲਿਆ ਕਿ ਇਹ ਗੁਰਦੁਆਰਾ ਸਾਹਿਬ ਗੰਗਸਰ ਵਿੱਚ ਅਖੰਡਪਾਠ ਸਾਹਿਬ ਕਰਨਗੇ ਅਤੇ ਅਜਿਹਾ ਕਰਨ ਹਿੱਤ ਜੋ ਵੀ ਮੁਸੀਬਤਾਂ ਸਹਿਣੀਆਂ ਪੈਣ, ਬਿਨਾ ਮੁਕਾਬਲੇ ਕੀਤੇ ਸਹਿਣਗੇ। ਜਥੇਦਾਰ ਅਕਾਲ ਤਖਤ ਸਾਹਿਬ ਵਲੋਂ ਇਨ੍ਹਾਂ ਨੂੰ ਮਨ, ਬਚਨ ਅਤੇ ਕਰਮ ਕਰ ਕੇ ਮੁਕਾਬਲਾ ਨਾ ਕਰਨ (ਅਹਿੰਸਾ) ਦਾ ਹੁਕਮ ਦਿੱਤਾ ਗਿਆ ਸੀ। ਇਹੀ ਪ੍ਰਣ ਕਰ ਕੇ ਉਹ ਤੁਰੇ ਸਨ। ਜਥੇ ਦਾ ਆਖਰੀ ਪੜਾਅ 20 ਫਰਵਰੀ, 1924 ਨੂੰ ਸਵੇਰੇ ਜੈਤੋ ਨੂੰ ਤੁਰਿਆ। ਕਾਂਗਰਸੀ ਨੇਤਾ ਡਾ. ਕਿਚਲੂ, ਸ੍ਰੀ ਗਿਡਵਾਨੀ ਅਤੇ ‘ਨਿਊਯਾਰਕ ਟਾਈਮਜ਼’ ਦੇ ਪ੍ਰਤੀਨਿਧ ਮਿ. ਜਿਮਿੰਦ ਵੀ ਕਾਰ ਵਿੱਚ ਜਥੇ ਦੇ ਨਾਲ ਨਾਲ ਜਾ ਰਹੇ ਸਨ। ਨਾਭੇ ਦੀ ਹੱਦ ਉੱਤੇ ਪਹੁੰਚਦਿਆਂ ਹੀ ਜਥੇ ਨੂੰ ਹੁਕਮ ਸੁਣਾ ਦਿੱਤਾ ਗਿਆ ਕਿ ਕੇਵਲ 50 ਸਿੱਖਾਂ ਨੂੰ ਅਖੰਡਪਾਠ ਸਾਹਿਬ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ। ਜਦੋਂ ਉਹ ਮੁੜ ਆਉਣ ਤਾਂ 50 ਹੋਰਾਂ ਨੂੰ ਇਜਾਜ਼ਤ ਦਿੱਤੀ ਜਾਵੇਗੀ। ਇਹ ਹੁਕਣ ਸੁਣ ਕੇ ਸਿੱਖਾਂ ਨੂੰ ਬਹੁਤ ਗੁੱਸਾ ਆਇਆ। ਉਨ੍ਹਾਂ ਨੇ ਕਿਹਾ ਕਿ ਨਾਭੇ ਦੇ ਮੁੰਤਜ਼ਿਮ ਨੂੰ ਇਹ ਹੱਕ ਕਿਸ ਨੇ ਦਿੱਤਾ ਕਿ ਉਹ ਗੁਰਦੁਆਰਾ ਸਾਹਿਬ ਵਿੱਚ ਪਾਠ ਕਰਨ ਲਈ ਜਾਣ ਵਾਸਤੇ ਸਿੱਖਾਂ ਦੀ ਨਫਰੀ ’ਤੇ ਪਾਬੰਦੀ ਲਾਵੇ। 50 ਸਿੱਖਾਂ ਦੀ ਬਜਾਏ 500 ਸਿੱਖਾਂ ਨੂੰ ਜਾਣ ਦੀ ਆਗਿਆ ਕਿਉਂ ਨਾ ਦਿੱਤੀ ਜਾਵੇ ? ਜਿੰਨੀ ਦੇਰ ਸਿੱਖਾਂ ਦੀ ਇੱਛਾ ਹੋਵੇ ਓਨੀ ਦੇਰ ਉਹ ਗੁਰਦੁਆਰਾ ਸਾਹਿਬ ਵਿੱਚ ਕਿਉਂ ਨਾ ਬੈਠ ਸਕਣ। ਅੰਗਰੇਜ਼ ਪ੍ਰਬੰਧਕ ਧਾਰਮਿਕ ਡਿਕਟੇਟਰ ਦੀ ਪਦਵੀ ਕਿਉਂ ਧਾਰਨ ਕਰ ਲਵੇ ? ਜਥੇ ਨੇ ਇਸ ਨੂੰ ਸਿੱਖਾਂ ਦੀ ਧਾਰਮਿਕ ਆਜ਼ਾਦੀ ਵਿੱਚ ਦਲੀਲ-ਰਹਿਤ ਅਤੇ ਨਾਜਾਇਜ਼ ਦਖਲ ਕਰਾਰ ਦਿੱਤਾ ਅਤੇ ਇਸ ਮਾਮਲੇ ਵਿੱਚ ਕਿਸੇ ਪ੍ਰਕਾਰ ਦੀ ਸੌਦੇਬਾਜ਼ੀ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਸਿੱਖਾਂ ਨੇ ਕਿਹਾ ਕਿ ਗੁਰਦੁਆਰੇ ਵਿੱਚ ਜਾ ਕੇ ਪਾਠ ਕਰਨਾ ਉਨ੍ਹਾਂ ਨੂੰ ਅਕਾਲਪੁਰਖ ਵਲੋਂ ਮਿਲਿਆ ਹੋਇਆ ਹੱਕ ਹੈ।

ਵਿਲਸਨ ਜਾਨਸਟਨ ਐਡਮਨਿਸਟਰੇਟਰ ਤੇ ਹੋਰ ਅਫਸਰ ਮੌਜੂਦ ਸਨ। ਜਥਾ ਗੁਰਦੁਆਰਾ ਟਿੱਬੀ ਸਾਹਿਬ ਤੋਂ ਅਜੇ 150 ਗਜ਼ ਪਿੱਛੇ ਹੀ ਸੀ ਕਿ ਇੱਕ ਯੂਰਪੀਨ ਅਫਸਰ ਨੇ ਜਥੇ ਨੂੰ ਅੱਗੇ ਵਧਣ ਤੋਂ ਰੋਕਿਆ ਤੇ ਕਿਹਾ ਕਿ, “ਵਧੋਗੇ ਤਾਂ ਗੋਲੀ ਚੱਲੇਗੀ।” ਇਹ ਹੁਕਮ ਸਭ ਨੇ ਸੁਣਿਆ ਪਰ ਜਥਾ ਰੁਕਿਆ ਨਹੀਂ ਤੇ ਟਿੱਬੀ ਸਾਹਿਬ ਵੱਲ ਵਧਦਾ ਗਿਆ। ਐਡਮਨਿਸਟਰੇਟਰ ਵਲੋਂ ਝੰਡੀ ਦਿੱਤੇ ਜਾਣ ’ਤੇ ਜਥੇ ਉਪਰ ਤਿੰਨ ਪਾਸਿਆਂ ਤੋਂ ਬਰਸਣ ਲੱਗੀ। ਥੋੜ੍ਹਾ ਵਕਫਾ ਦੇ ਕੇ ਦੂਜੀ ਵਾਰ ਫੇਰ ਗੋਲੀ ਚੱਲੀ। ਪੰਜ ਮਿੰਟ ਗੋਲੀ ਵਰ੍ਹਦੀ ਰਹੀ, ਪਰ ਜਥਾ ਬੜੀ ਹੀ ਸ਼ਾਂਤੀ ਤੇ ਹੌਂਸਲੇ ਅਤੇ ਠੰਡੇ ਮਤੇ ਨਾਲ ਅੱਗੇ ਵਧਦਾ ਗਿਆ। ਗੋਲੀ ਖਾ ਕੇ ਡਿੱਗ ਚੁੱਕੇ ਸਿੰਘਾਂ ਨੂੰ ਛੱਡ ਕੇ ਜਥਾ ਅੱਗੇ ਵਧਦਾ ਗਿਆ। ਇੱਕ ਬੀਬੀ ਬਹਾਦਰੀ ਦਾ ਮੁਜ਼ਾਹਰਾ ਕਰਦੀ ਹੋਈ, ਗੋਦੀ ਵਾਲੇ ਸ਼ਹੀਦ ਹੋ ਚੁੱਕੇ ਬੱਚੇ ਨੂੰ ਜ਼ਮੀਨ ’ਤੇ ਲਿਟਾ ਕੇ ਅੱਗੇ ਵਧਦੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਨੂੰ ਹਰ ਤਰ੍ਹਾਂ ਗੋਲੀ ਦੀ ਮਾਰ ਤੋਂ ਬਚਾਇਆ ਗਿਆ। ਲਗਭਗ ਇੱਕ ਸੌ ਸਿੰਘ ਸ਼ਹੀਦ ਹੋ ਗਏ। ਬਹੁਤ ਸਾਰੇ ਜ਼ਖਮੀ ਹੋ ਗਏ। 2 ਮਾਰਚ, 1924 ਨੂੰ ਕਲਕੱਤੇ ਅਤੇ ਮਦਰਾਸ ਵਿੱਚ ਭਾਰੀ ਜਲਸੇ ਕਰ ਕੇ ਹਿੰਦੂ ਮੁਸਲਮਾਨ ਨੇਤਾਵਾਂ ਨੇ ਇਸ ਸਾਕੇ ਬਾਰੇ ਤਕਰੀਰਾਂ ਕੀਤੀਆਂ। ਹਮਦਰਦੀ ਦੇ ਮਤੇ ਪਾਸ ਕਰਕੇ ਸਰਕਾਰ ਦੇ ਜ਼ੁਲਮ ਨੂੰ ਨੰਗਾ ਕੀਤਾ ਅਤੇ ਨਿਖੇਧੀ ਕੀਤੀ। ਪੰਡਿਤ ਨਹਿਰੂ ਨੇ 10 ਮਾਰਚ, 1924 ਨੂੰ ਪ੍ਰਧਾਨਗੀ ਭਾਸ਼ਣ ਦਿੰਦੇ ਹੋਏ ਕਿਹਾ ਕਿ ਤਵਾਰੀਖ ਵਿੱਚ ਇਹ ਪਹਿਲਾ ਮੌਕਾ ਹੈ ਕਿ ਸ਼ਾਂਤਮਈ ਰਹਿੰਦੇ ਹੋਏ, ਬਿਨਾ ਬਦਲਾ ਲਏ, ਇੰਨੇ ਆਦਮੀ ਸ਼ਹੀਦ ਹੋਣ। ਪੰਜ ਪੰਜ ਸੌ ਦੇ 16 ਜਥੇ ਹੋਰ ਘੱਲੇ ਗਏ। ਆਖਿਰ 101 ਸਿੰਘਾਂ ਦੇ ਆਖਰੀ ਜਥੇ ਨੇ ਅਖੰਡਪਾਠ ਸਾਹਿਬ ਆਰੰਭ ਕਰ ਕੇ ਜਿੱਤ ਪ੍ਰਾਪਤ ਕੀਤੀ।

(ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, ‘ਮੋਰਚਾ ਗੰਗਸਰ ਜੈਤੋ’ ਪੰਨੇ 14-17)

(ਬੀ. ਐਸ. ਨਿੱਝਰ, ‘ਪੰਜਾਬ ਬ੍ਰਿਟਿਸ਼ ਰਾਜ ਹੇਠਾਂ’ ਪੰਨਾ 136)

# ਛੀਓੜੰਬਾ

## ਕਾਮਰੇਡ ਜੋਤੀ ਬਾਸੂ

ਕਾਮਰੇਡ ਜੋਤੀ ਬਾਸੂ ਹੁਣ ਜ਼ਿੰਦਾ ਨਹੀਂ ਰਹੇ। ਇਸ ਗੱਲ ਬਾਰੇ ਕਿਸੇ ਨੂੰ ਕੋਈ ਮੱਤਭੇਦ ਨਹੀਂ ਹੋਵੇਗਾ ਕਿ ਉਹ ਬਹੁਤ ਵੱਡੀ ਰਾਜਨੀਤਕ ਸ਼ਖਸੀਅਤ ਵੀ ਸੀ, ਬਹੁਤ ਬੇਦਾਗ ਵੀ ਤੇ ਪਾਰਟੀ ਬੰਧੇਜ ਵਿੱਚ ਬੱਝ ਕੇ ਰਹਿਣ ਵਾਲਾ ਵੀ। ਮਾਰਕਸੀ ਪਾਰਟੀ ਦਾ ਮੁੱਢ ਬੰਨ੍ਹਣ ਵਾਲੇ ਪੋਲਿਟ ਬਿਊਰੋ ਮੈਂਬਰਾਂ 'ਚੋਂ ਉਹ ਆਖਰੀ ਸੀ। ਉਹਦਾ ਚਲੇ ਜਾਣਾ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਮਾਰਕਸੀ ਪਾਰਟੀ ਬਣਨ ਮਗਰੋਂ ਪੱਛਮੀ ਬੰਗਾਲ ਦੀ ਅਗਲੀ ਵਿਧਾਨ ਸਭਾ ਚੋਣ ਵਿੱਚ ਕਾਂਗਰਸ ਹਾਰੀ ਤਾਂ ਗੈਰ-ਕਾਂਗਰਸੀ ਸਰਕਾਰ ਵਿੱਚ ਗ੍ਰਹਿ ਮੰਤਰੀ ਜੋਤੀ ਬਾਸੂ ਬਣਿਆ ਸੀ। ਉਸੇ ਦੇ ਵਕਤ ਇੱਕ ਪਿੰਡ ਨਕਸਲਬਾੜੀ ਵਿੱਚ ਜ਼ਮੀਨੀ ਸੰਘਰਸ਼ ਵਿੱਚ ਕੁਝ ਲੋਕ ਪੁਲਿਸ ਦੇ ਹੱਥੋਂ ਮਾਰੇ ਜਾਣ ਕਰ ਕੇ ਮਾਰਕਸੀਆਂ ਨਾਲੋਂ ਤੱਤ ਨਕਸਲੀ ਲਹਿਰ ਸ਼ੁਰੂ ਹੋਈ ਸੀ। ਸਾਰੇ ਦੇਸ਼ ਦੀ ਨਜ਼ਰ ਵਿੱਚ ਮਹਾਨ ਕਮਿਊਨਿਸਟ ਆਗੂ ਜੋਤੀ ਬਾਸੂ ਨੂੰ ਨਕਸਲੀ ਕਾਮਰੇਡਾਂ ਦੀ ਬੋਲੀ ਵਿੱਚ ਨਵ-ਸੋਧਵਾਦੀ ਕਹਿ ਕੇ ਸੀ. ਪੀ. ਆਈ. ਦੇ ਐੱਸ ਏ ਡਾਂਗੇ ਬਰਾਬਰ ਰੱਖ ਕੇ ਭੰਡਿਆ ਗਿਆ! ਇੱਕ ਨਕਸਲੀ ਕਵੀ ਨੇ ਤਾਂ ਇਹ ਕਵਿਤਾ ਵੀ ਲਿਖੀ ਸੀ - "ਆਕਾਸ਼ 'ਤੇ ਜੋ ਧੁੰਦ ਦੇ ਗੁਬਾਰ ਨੇ, ਸੂਰਜਾਂ ਦੀ ਚਮਕ ਨੇ ਲਾਹ ਮਾਰਨੇ। ਰਹੇ ਨਾ ਏਥੇ ਕੀਟਸਕੀ ਟਰਾਟਸਕੀ, ਡਾਂਗੇ ਬਾਸੂ ਕੀਹਦੇ ਪਾਣੀਹਾਰ ਨੇ ?" ਨਕਸਲੀ ਸਿਰਫ ਕਵਿਤਾਵਾਂ ਲਿਖਣ, ਕਦੇ ਕਦਾਈਂ ਧਰਨਾ-ਮੁਜ਼ਾਹਰਾ ਕਰਕੇ ਕੋਈ ਬੰਦਾ ਮਰਵਾਉਣ ਤੇ ਫਿਰ ਸ਼ਹੀਦੀ ਫੰਡ ਇਕੱਠੇ ਕਰਨ ਜੋਗੇ ਰਹਿ ਗਏ ਤੇ ਕਾਮਰੇਡ ਬਾਸੂ ਬਾਈ ਸਾਲ ਰਾਜ ਕਰ ਕੇ ਆਪਣੇ ਆਦਰਸ਼ ਦੀ ਧੁੰਮ ਪਾ ਗਿਆ।

ਏਨਾ ਕੁਝ ਹੋਣ ਪਿੱਛੋਂ ਵੀ ਇਹ ਨਿਬੇੜਾ ਨਹੀਂ ਹੋ ਸਕਿਆ ਕਿ ਕਮਿਊਨਿਸਟਾਂ 'ਚੋਂ ਠੀਕ ਕੌਣ ਹੈ ਤੇ ਗਲਤ ਕੌਣ ? ਸੀ. ਪੀ. ਆਈ ( ਐਮ) ਵਾਲੇ ਕਹਿੰਦੇ ਨੇ ਕਿ ਨਕਸਲਬਾੜੀ ਦੀ ਘਟਨਾ ਪਿੱਛੋਂ ਸੀ. ਪੀ. ਆਈ. (ਐਮ. ਐਲ.) ਬਣਾਉਣੀ ਗਲਤ ਸੀ। ਸੀ. ਪੀ. ਆਈ. ਵਾਲੇ ਕਹਿੰਦੇ ਨੇ ਕਿ ਪਹਿਲਾਂ ਸੀ. ਪੀ. ਐੱਮ. ਬਣਾਉਣੀ ਹੀ ਗਲਤ ਸੀ। ਇਸੇ ਦੌਰਾਨ ਇੱਕ ਸੀ. ਪੀ. ਐਮ. (ਪੰਜਾਬ) ਜੰਮ ਪਈ, ਇੱਕ ਯੂ. ਸੀ. ਪੀ. ਆਈ. ਬਣ ਗਈ, ਇੱਕ ਹੋਰ ਪਾਸੇ ਸੀ. ਪੀ. ਆਈ (ਰੈਵੋਲਿਊਸ਼ਨਰੀ) ਦਾ ਫੱਟਾ ਵੀ ਲੱਗ ਗਿਆ। ਨਕਸਲੀਆਂ ਦੇ ਵੀ 'ਤੇਰਾਂ ਲੀਡਰ ਤੇ ਤੇਤੀ ਧੜੇ' ਬਣੇ ਫਿਰਦੇ ਨੇ। ਜਦੋਂ ਕਦੇ ਉਹ ਏਕੇ ਲਈ ਬੈਠਦੇ ਨੇ, ਇੱਕ ਪਾਰਟੀ ਹੋਰ ਬਣ ਜਾਂਦੀ ਹੈ। ਅਜੇ ਵੀ ਖੇਡ ਮੁੱਕੀ ਨਹੀਂ, ਹੋਰ ਧੜੇ ਬਣਨਗੇ ਤੇ ਸਾਰੇ ਹੀ ਲੈਫਟ ਦੇ ਬਿਨਾਂ 'ਰਾਈਟ' ਦੀ ਬਹਿਸ ਕਰਦੇ ਰਹਿਣਗੇ।

ਤੁਹਾਨੂੰ 'ਰਾਈਟ' ਦੀ ਗੱਲ ਜੇ ਸਮਝ ਨਹੀਂ ਆਈ ਤਾਂ ਚਿੰਤਾ ਨਾ ਕਰਿਓ, ਛੀਓੜੰਬਾ ਸਮਝਾ ਕੇ ਹੀ ਜਾਵੇਗਾ।

ਭਾਈ ਸੱਜਣੋ, ਨਕਸਲੀਆਂ ਦੀ ਗਿਣਤੀ ਵਿੱਚ ਮਾਰਕਸੀ ਕਾਮਰੇਡ 'ਰਾਈਟ' ਅਰਥਾਤ ਸੱਜੇ ਪੱਖੀ ਨੇ ਤੇ ਮਾਰਕਸੀਆਂ ਦੀ ਨਜ਼ਰ ਵਿੱਚ ਸੀ. ਪੀ. ਆਈ. ਵਾਲੇ 'ਰਾਈਟ' ਅਰਥਾਤ ਸੱਜੂ ਆਖੇ ਜਾਂਦੇ ਨੇ। ਇੱਕ ਵਾਰੀ ਇੱਕ ਮਾਰਕਸੀ ਮੁਲਾਜ਼ਮ ਆਗੂ ਆਪਣੀ ਪਾਰਟੀ ਦੇ ਦਫਤਰ ਦੇ ਭੁਲੇਖੇ ਅੰਮ੍ਰਿਤਸਰ ਵਿੱਚ ਸੀ. ਪੀ. ਆਈ. ਦਫਤਰ ਚਲਾ ਗਿਆ। ਉਹਨੇ ਕਾਮਰੇਡ ਦਲੀਪ ਸਿੰਘ ਟਪਿਆਲੇ ਬਾਰੇ ਪੁੱਛਿਆ। ਸੀ. ਪੀ. ਆਈ. ਦਫਤਰ ਵਿੱਚ ਬੈਠੇ ਕਾਮਰੇਡ ਵੀਰਭਾਨ ਨੇ ਸਮਝਾਇਆ ਕਿ ਟਪਿਆਲਾ ਸਾਹਿਬ ਤਾਂ ਮਾਰਕਸੀ ਪਾਰਟੀ ਦੇ ਦਫਤਰ ਵਿੱਚ ਮਿਲਣਗੇ। ਮੁਲਾਜ਼ਮ ਲੀਡਰ ਦੇ ਮੂੰਹੋਂ ਨਿੱਕਲਿਆ," ਓਹ, ਯੂ ਆਰ ਰਾਈਟ ?" (ਅੱਛਾ ਤੁਸੀਂ ਸੱਜੂ ਹੋ ?)

ਵੀਰਭਾਨ ਨੇ 'ਰਾਈਟ' ਦੇ ਦੂਜੇ ਅਰਥ ਕੱਢ ਕੇ ਕਿਹਾ, "ਹਾਂ ਜੀ, ਠੀਕ ਅਸੀਂ ਹੀ ਹਾਂ।"

ਕਾਸ਼, ਇਹ ਬਹਿਸ ਕਦੇ ਖਤਮ ਹੋ ਸਕਦੀ ਤੇ ਇਹੋ ਜਿਹੀਆਂ ਬੇਦਾਗ ਮਹਾਨ ਸ਼ਖਸੀਅਤਾਂ ਇੱਕ-ਸੁਰ ਹੋ ਕੇ ਦੇਸ਼ ਦੇ ਲੋਕਾਂ ਦੀ ਸਾਂਝੇ ਤੌਰ 'ਤੇ ਅਗਵਾਈ ਕਰ ਸਕਦੀਆਂ।

## ਸੁਵਿਧਾ ਕੇਂਦਰ

'ਸੁਵਿਧਾ' ਹਿੰਦੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਮਤਲਬ 'ਸਹੂਲਤ' ਹੁੰਦੈ। ਪੰਜਾਬੀ ਭਾਸ਼ਾ ਲਾਗੂ ਕਰਨ ਵਾਲੀ ਪੰਜਾਬ ਸਰਕਾਰ ਦੇ ਰਾਜ ਵਿੱਚ ਸਾਰੇ ਡਿਪਟੀ ਕਮਿਸ਼ਨਰ ਦਫਤਰਾਂ ਵਿੱਚ 'ਸਹਾਇਤਾ ਕੇਂਦਰ' ਜਾਂ 'ਸਹੂਲਤ ਕੇਂਦਰ' ਦੀ ਬਜਾਏ 'ਸੁਵਿਧਾ ਕੇਂਦਰ' ਖੋਲ੍ਹੇ ਗਏ ਨੇ। ਨਾਂਅ ਨੂੰ ਆਪਣੀ ਥਾਂ ਰਹਿਣ ਦਿਓ, ਸੁਵਿਧਾ ਦਾ ਕੰਮ ਇਹ ਜ਼ਰੂਰ ਕੁਝ ਕਰਦੇ ਨੇ। ਕੁਝ ਇਸ ਲਈ ਕਿ ਹਾਲੇ ਵੀ ਪੂਰਾ ਨਹੀਂ ਕਰਦੇ। ਦੂਜਾ ਪਾਸਾ ਇਹ ਕਿ ਇਹਨਾਂ ਸੁਵਿਧਾ ਕੇਂਦਰਾਂ ਨੇ ਡਿਪਟੀ ਕਮਿਸ਼ਨਰ ਦਫਤਰਾਂ ਦੇ ਕਰਮਚਾਰੀਆਂ ਲਈ ਬਹੁਤ ਜ਼ਿਆਦਾ ਦੁਬਿਧਾ ਪੈਦਾ ਕਰ ਰੱਖੀ ਹੈ।

ਪੁਆੜਾ ਇਸ ਗੱਲੋਂ ਹੈ ਕਿ ਅੱਗੇ ਲੋਕੀਂ ਕੰਮਾਂ ਲਈ ਡਿਪਟੀ ਕਮਿਸ਼ਨਰ ਦਫਤਰਾਂ ਦੀਆਂ ਵੱਖੋ ਵੱਖ ਬਰਾਂਚਾਂ ਵਿੱਚ ਜਾ ਕੇ ਅਲਖ ਜਗਾਉਂਦੇ ਸਨ। ਕਲਰਕ ਬਾਦਸ਼ਾਹ ਕਾਗਜ਼ਾਂ ਤੋਂ ਪਹਿਲਾਂ ਕਾਗਜ਼ਾਂ ਵਾਲੇ ਬੰਦੇ ਦੀ ਹੈਸੀਅਤ ਪਰਖਦੇ ਸਨ। ਫੇਰ ਫਾਈਲ ਅੱਗੇ ਖਿਸਕਦੀ ਸੀ। ਹਮਾਤੜ ਦਾ ਕੰਮ ਹੋਵੇ ਤਾਂ ਫਾਈਲ ਕਿਸੇ ਖੂੰਜੇ ਵਿੱਚ ਜਾ ਕੇ ਡੇਰਾ ਲਾ ਲੈਂਦੀ ਸੀ। ਮਾਲਦਾਰ ਆਸਾਮੀ ਵਾਲੀ ਫਾਈਲ ਕਲਰਕ ਤੇ ਹੈੱਡ-ਕਲਰਕ ਵਿਚਾਲੇ ਘੁੰਮਣ ਲਗਦੀ ਸੀ, ਪਰ ਓਨੀ ਦੇਰ ਤੱਕ ਕੰਮ ਹੋਏ ਬਿਨਾਂ ਹੀ ਘੁੰਮੀ ਜਾਂਦੀ ਸੀ, ਜਿੰਨੀ ਦੇਰ ਆਸਾਮੀ ਦੀ ਜੇਬ ਹੌਲੀ ਨਹੀਂ ਸੀ ਹੋ ਜਾਂਦੀ। ਸਿਰ ਮੁਤਾਬਕ ਸਿਰਵਾਰਨਾ ਕਰਵਾਉਣ ਮਗਰੋਂ ਕਾਗਜ਼ੀ ਕਾਰਵਾਈ ਹੋਣ ਲੱਗ ਪੈਂਦੀ ਸੀ ਤੇ ਹਰ ਬਾਬੂ ਦੂਜੇ ਨੂੰ ਅਰਜ਼ੀ ਵਾਲੇ ਦੀ 'ਔਕਾਤ' ਬਾਰੇ

ਅਗਾਊਂ ਦੱਸੀ ਜਾਂਦਾ ਸੀ।

ਸੁਵਿਧਾ ਕੇਂਦਰ ਬਣਨ ਨਾਲ ਕੰਮ ਬਹੁਤਾ ਉਥੇ ਲੱਗੇ ਕੰਪਿਊਟਰਾਂ ਦੇ ਹਵਾਲੇ ਹੋਣ ਲੱਗ ਪਿਆ। ਅਰਜ਼ੀਕਾਰ ਨੂੰ ਚਿੱਟ ਜਾਰੀ ਕਰ ਕੇ ਤਰੀਕ ਦੇ ਦਿੱਤੀ ਜਾਂਦੀ ਹੈ। ਪਹਿਲਾਂ-ਪਹਿਲ ਕੁਝ ਦਿਨ ਮਿੱਥੀ ਤਰੀਕ ਉੱਤੇ ਕੰਮ ਨਿਪਟਾ ਕੇ ਕਲਰਕ ਬਾਦਸ਼ਾਹਾਂ ਨੇ ਵੇਖਿਆ ਕਿ ਸੁਵਿਧਾ ਕੇਂਦਰ ਨੇ ਤਾਂ ਉਨ੍ਹਾਂ ਦੀ ਕਮਾਈ ਉੱਤੇ ਕਾਂਟਾ ਮਾਰ ਦਿੱਤਾ ਹੈ। ਉਨ੍ਹਾਂ ਨੇ ਸੁਵਿਧਾ ਕੇਂਦਰ ਦੇ ਰਾਹੀਂ ਆਈਆਂ ਫਾਈਲਾਂ ਅਟਕਾਉਣੀਆਂ ਸ਼ੁਰੂ ਕਰ ਦਿੱਤੀਆਂ। ਲੋੜਵੰਦ ਲੋਕ ਫਿਰ ਉਨ੍ਹਾਂ ਦੇ ਦਰਬਾਰ ਪੁੱਜਣ ਲੱਗੇ। ਉਹ ਜਾਂਦੇ ਸੀ ਆਪਣੇ ਕੰਮ ਦਾ ਤਰਲਾ ਮਾਰਨ, ਅੱਗੋਂ ਹੋਰ ਸੁਣ ਆਉਂਦੇ। ਡਿਪਟੀ ਕਮਿਸ਼ਨਰ ਦਫਤਰ ਵਿੱਚ ਬੈਠੇ ਬਾਬੂ ਕਹਿੰਦੇ, "ਕੰਮ ਤਾਂ ਤੁਹਾਡਾ ਹੁਣ ਨੂੰ ਹੋ ਜਾਣਾ ਸੀ, ਸੁਵਿਧਾ ਕੇਂਦਰ ਦੀ ਕਾਰਵਾਈ ਲੇਟ ਕਰਦੀ ਹੈ। ਤੁਸੀਂ ਇਹ ਕੇਂਦਰ ਜਿਹੇ ਬੰਦ ਕਰਵਾਓ ਸ਼ਿਕਾਇਤਾਂ ਕਰ ਕੇ।" ਪਹੁੰਚ ਵਾਲੇ ਬੰਦੇ ਤਾਂ 'ਹਾਂ ਜੀ' ਕਹਿ ਆਉਂਦੇ, ਸਾਧਾਰਨ ਬੰਦਾ ਗੇੜੇ ਮਾਰਦਾ ਰਹਿੰਦਾ, ਜਦਕਿ ਫਾਈਲ ਫੜ ਕੇ ਕਲਰਕ ਸੋਚਣ ਧਾਰਾ ਦਾ ਯੋਗਾ ਕਰਨ ਦਾ ਡਰਾਮਾ ਕਰੀ ਜਾਂਦੇ।

ਜੀ ਹਾਂ, ਸੋਚਣ ਦੀ ਧਾਰਾ ਦਾ ਵੀ ਇੱਕ ਯੋਗਾ ਹੁੰਦੈ। ਇਹਦੀ ਵਿਸ਼ੇਸ਼ਤਾ ਜੋ ਛੀਉੜੰਬੇ ਨੂੰ ਸਮਝ ਲੱਗੀ ਹੈ, ਉਹ ਤੁਸੀਂ ਵੀ ਸੁਣ ਲਵੋ।

ਭਾਈ ਸੱਜਣੋ, ਇੱਕ ਵਾਰੀ ਇੱਕ ਠੀਕ-ਠਾਕ ਤੰਦਰੁਸਤ ਬੰਦੇ ਨੂੰ ਭਰਮ ਪੈ ਗਿਆ ਕਿ ਉਹ ਬਿਮਾਰ ਹੈ। ਉਹ ਡਾਕਟਰ ਕੋਲ ਚਲਾ ਗਿਆ। ਡਾਕਟਰ ਨੇ ਕਿੰਨੇ ਸਾਰੇ ਟੈਸਟ ਲਿਖ ਦਿੱਤੇ। ਬੰਦਾ ਟੈਸਟ ਕਰਵਾ ਕੇ ਲੈ ਆਇਆ। ਰਿਪੋਰਟਾਂ ਵੇਖ ਕੇ ਡਾਕਟਰ ਸੋਚੀਂ ਜਿਹਾ ਪੈ ਗਿਆ।

ਜਦ ਵੇਖਿਆ ਕਿ ਡਾਕਟਰ ਬੋਲਦਾ ਹੀ ਨਹੀਂ, ਬੰਦੇ ਨੇ ਪੁੱਛ ਲਿਆ, "ਡਾਕਟਰ ਸਾਹਿਬ, ਮੈਨੂੰ ਬਿਮਾਰੀ ਕੀ ਨਿਕਲੀ ਹੈ?"

ਡਾਕਟਰ ਨੇ ਕਿਹਾ, "ਤੈਨੂੰ ਬਿਮਾਰੀ ਦੀ ਪਈ ਹੈ, ਮੈਂ ਇਹ ਸੋਚਦਾ ਹਾਂ ਕਿ ਬਿਮਾਰੀ ਤਾਂ ਕੋਈ ਨਿਕਲੀ ਨਹੀਂ, ਹੁਣ ਤੇਰੇ ਤੋਂ ਪੈਸੇ ਕਾਹਦੇ ਮੰਗਾਂਗਾ?"

ਇਹੋ ਹਾਲ ਡੀ. ਸੀ. ਦਫਤਰਾਂ ਦੇ ਕਲਰਕਾਂ ਦਾ ਹੈ। ਲੋਕ ਕੰਮ ਪੁੱਛਦੇ ਨੇ ਤੇ ਕਲਰਕ ਸੋਚੀਂ ਪੈ ਜਾਂਦੇ ਨੇ ਕਿ ਕਾਪੀ ਤਾਂ ਇਸ ਬੰਦੇ ਨੂੰ ਸੁਵਿਧਾ ਕੇਂਦਰ ਨੇ ਦੇਣੀ ਹੈ, ਅਸੀਂ ਪੈਸੇ ਕਾਹਦੇ ਮੰਗੀਏ?

## ਲੋਕ ਰਾਜ ਯੁੱਗ

ਅਖਬਾਰਾਂ ਬਾਰੇ ਬੜੇ ਲੋਕਾਂ ਦੇ ਮਨਾਂ ਵਿੱਚ ਇਹ ਵਹਿਮ ਹੈ ਕਿ ਉਨ੍ਹਾਂ ਵਿੱਚ ਜੋ ਕੁਝ ਛਪਦੈ, ਸਭ ਸੱਚ ਹੀ ਹੁੰਦੈ। ਕਈ ਵਾਰੀ ਅਖਬਾਰਾਂ ਇੱਕ ਦੂਜੇ ਤੋਂ ਉਲਟ ਵੀ ਛਾਪਦੀਆਂ ਨੇ। ਆਪੋ ਆਪਣੇ ਵੱਖੋ-ਵੱਖਰੇ ਪਾਠਕ ਹੋਣ ਕਰਕੇ ਜਿਸ ਨੇ ਜੋ ਛਾਪ ਦਿੱਤਾ ਉਸ ਦੇ ਪਾਠਕ ਉਹੋ ਸੱਚ ਮੰਨ ਬੈਠਦੇ ਨੇ। ਪਾਠਕਾਂ ਨੇ ਵੀ ਆਮ ਕਰ ਕੇ ਅਕਲ ਵਰਤਣੀ ਬੰਦ ਕੀਤੀ ਹੁੰਦੀ ਹੈ। ਉਹ ਜਿੱਦਾਂ ਦਾ ਅਖਬਾਰਾਂ ਵਾਲੇ ਪਰੋਸ ਦੇਣ, ਉਸੇ ਨੂੰ ਪ੍ਰਸ਼ਾਦ ਮੰਨ ਕੇ ਛਕੀ ਜਾਂਦੇ ਨੇ ਤੇ ਹਜ਼ਮ ਵੀ ਕਰ ਲੈਂਦੇ ਨੇ।

ਯੁੱਗ ਲੋਕ ਰਾਜ ਦਾ ਹੈ। ਇਸ ਯੁੱਗ ਵਿੱਚ ਕਾਮਯਾਬ ਉਹ ਨਹੀਂ, ਜਿਹੜਾ ਬਹੁਤੇ ਲੋਕਾਂ ਦੇ ਮਨ ਜਿੱਤ ਲਵੇ, ਸਗੋਂ ਉਹ ਲੀਡਰ ਕਾਮਯਾਬ ਹੁੰਦੈ, ਜੋ ਬਹੁਤੇ ਲੋਕਾਂ ਨੂੰ ਬੁੱਧੂ ਬਣਾ ਸਕਦਾ ਹੋਵੇ। ਇਸ ਕੰਮ ਲਈ ਹਰ ਹਰਬਾ ਵਰਤਿਆ ਜਾਂਦੈ। ਹਰ ਹਰਬੇ ਵਿੱਚ ਅਖਬਾਰਾਂ ਦੀ ਦੁਰਵਰਤੋਂ ਕਰਨਾ ਵੀ ਹੁਣ ਸ਼ਾਮਲ ਹੋ ਗਿਐ। ਪੂਰੇ ਪੂਰੇ ਸਫੇ ਵੱਖ ਵੱਖ ਪਾਰਟੀਆਂ ਦੇ ਦਫਤਰਾਂ 'ਚੋਂ ਤਿਆਰ ਹੋ ਕੇ ਆਉਂਦੇ ਨੇ। ਉਹ ਸਫੇ ਉਨ੍ਹਾਂ ਪਾਰਟੀਆਂ ਦੇ ਦਫਤਰਾਂ 'ਚ ਬੈਠੇ ਕਿਰਾਏ ਦੀਆਂ ਕਲਮਾਂ ਵਾਲੇ ਪੱਤਰਕਾਰ ਪਾਰਟੀਆਂ ਦੀ ਲੋੜ ਮੁਤਾਬਿਕ ਬਣਾਉਂਦੇ ਨੇ। ਇੱਕੋ ਅਖਬਾਰ ਦਾ ਤੀਜਾ ਸਫਾ ਕੋਈ ਪਾਰਟੀ ਖਰੀਦ ਲੈਂਦੀ ਹੈ, ਪੰਜਵਾਂ ਕੋਈ ਤੇ ਸੱਤਵਾਂ ਕੋਈ। ਅਖਬਾਰਾਂ ਦੇ ਪਾਠਕ ਤਾਂ ਵੱਖੋ-ਵੱਖਰੇ ਹੋ ਸਕਦੇ ਨੇ, ਸਫਿਆਂ ਦੇ ਪਾਠਕ ਵੱਖੋ-ਵੱਖਰੇ ਹੋਣੇ ਸੰਭਵ ਨਹੀਂ, ਪਰ ਪਾਠਕ ਵੀ ਇਹ ਨਹੀਂ ਸੋਚਦੇ ਕਿ ਤੀਜਾ ਸਫਾ ਕਿਸੇ ਉਮੀਦਵਾਰ ਨੂੰ ਜਿਤਾਈ ਜਾਂਦੈ ਤੇ ਪੰਜਵਾਂ ਕਿਸੇ ਹੋਰ ਉਮੀਦਵਾਰ ਨੂੰ ਸਫਲ ਬਣਾਈ ਜਾਂਦੈ। ਇੰਝ ਪਾਠਕਾਂ ਨੂੰ ਪਤਾ ਹੀ ਨਹੀਂ ਲਗਦਾ ਕਿ ਅਖਬਾਰ ਦਾ ਸੰਪਾਦਕ ਆਪ ਤਾਂ ਨੋਟ ਕਮਾਈ ਜਾਂਦੈ ਤੇ ਪਾਠਕ ਦੇ ਅੱਖੀਂ ਘੱਟਾ ਪਾਈ ਜਾਂਦੈ। ਪਿਛਲੇ ਦਿਨੀਂ ਐਡੀਟਰਜ਼ ਗਿਲਡ ਦੀ ਇੱਕ ਮੀਟਿੰਗ ਹੋਈ ਸੀ। ਓਥੇ ਵੀ ਇਹ ਮਸਲਾ ਵਿਚਾਰਿਆ ਗਿਆ। ਸਰਬਸੰਮਤੀ ਬਣੀ ਕਿ ਇੰਜ ਕਰਨਾ ਗਲਤ ਹੈ। ਅਜਿਹਾ ਕਰਨ ਵਾਲਿਆਂ ਨੂੰ ਗਲਤ ਕਰਾਰ ਦਿੰਦੇ ਹੋਏ ਐਡੀਟਰਜ਼ ਗਿਲਡ ਨੇ ਕਹਿ ਦਿੱਤੈ ਕਿ ਇੰਜ ਨਹੀਂ ਕੀਤਾ ਜਾਣਾ ਚਾਹੀਦੈ।

ਇਸ ਨਾਲ ਫਰਕ ਕੀ ਪਵੇਗਾ? ਕੁਝ ਵੀ ਨਹੀਂ। ਤੁਸੀਂ ਕਹੋਗੇ, "ਛੀਓੜੰਬਾ ਇਹ ਗੱਲ ਕਿਵੇਂ ਕਹਿ ਸਕਦੈ?" ਫੇਰ ਛੀਓੜੰਬਾ ਕਾਰਨ ਦੱਸ ਦੇਵੇਗਾ।

ਮਿੱਤਰ ਜੀਓ, ਤਜਰਬਾ ਯਾਦ ਰੱਖਿਆ ਕਰੋ। ਕੈਪਟਨ ਅਮਰਿੰਦਰ ਸਿੰਘ ਨੇ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਵਿੱਢਣ ਲਈ ਜਿਹੜੀ ਟੀਮ ਬਣਾਈ, ਉਸ ਵਿੱਚ ਇੱਕ ਇਹੋ ਜਿਹਾ ਐਮ. ਪੀ. ਸ਼ਾਮਲ ਸੀ, ਜਿਸ ਦੇ ਆਪਣੇ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ ਸਨ। ਰਾਜ ਬਦਲ ਗਿਆ, ਪਿਛਲੀ ਸਰਕਾਰ ਦੇ ਵੇਲੇ ਦਾ ਡੀ. ਜੀ. ਪੀ. ਨਵੀਂ ਸਰਕਾਰ ਦੀ ਵਿਜੀਲੈਂਸ ਨੇ ਫੜ ਲਿਆ ਤੇ ਕੇਸ ਬਣਾਇਆ ਨਜਾਇਜ਼ ਕਲੋਨੀਆਂ ਕੱਟਣ ਦੇ ਭ੍ਰਿਸ਼ਟਾਚਾਰ ਦਾ। ਜਾਂਚ ਦਾ ਅਧਿਕਾਰੀ ਫਿਰ ਉਹੋ ਐਸ. ਪੀ. ਬਣ ਗਿਆ, ਬਾਵਜੂਦ ਇਸ ਗੱਲ ਦੇ ਕਿ ਉਹਦੀ ਪਤਨੀ ਵੀ ਉਸ ਕਲੋਨੀ ਕਮੇਟੀ ਦੀ ਅਹੁਦੇਦਾਰ ਸੀ ਤੇ ਖੁਦ ਉਹ ਐਸ. ਪੀ. ਨੂੰ ਵੀ ਉਸ ਕਲੋਨੀ 'ਚੋਂ ਪਲਾਟ ਮਿਲਿਆ ਸੀ। ਭ੍ਰਿਸ਼ਟਾਚਾਰ ਦੀ ਜਾਂਚ ਜਦੋਂ ਭ੍ਰਿਸ਼ਟ ਅਫਸਰ ਖੁਦ ਕਰਨ ਲੱਗ ਪਿਆ, ਭ੍ਰਿਸ਼ਟਾਚਾਰ ਭਲਾ ਕਿਵੇਂ ਰੁਕ ਜਾਂਦਾ?

ਇਹੋ ਹਾਲ ਐਡੀਟਰਜ਼ ਗਿਲਡ ਦਾ ਹੈ। ਉਥੇ ਉਹੋ ਐਡੀਟਰ ਬੈਠੇ ਸਨ, ਜਿਨ੍ਹਾਂ ਨੇ ਖਬਰਾਂ ਜੋਗੀ ਥਾਂ ਨਹੀਂ, ਪੂਰੇ ਸਫੇ ਵੇਚ ਛੱਡੇ ਸਨ।

ਮੀਟਿੰਗ ਵਿੱਚ ਮਗਰੋਂ ਉਹ ਇਹ ਗੱਲ ਕਹਿ ਆਏ ਕਿ ਇੰਜ ਕਰਨਾ ਗਲਤ ਹੈ। ਅਗਲੀ ਵਾਰੀ ਫਿਰ ਉਹ ਇੰਜ ਕਰ ਕੇ ਇਹੋ ਗੱਲ ਕਹਿ ਛੱਡਣਗੇ। ਵਿਚਾਰਾ ਪਾਠਕ!

## ਸਿਆਸੀ ਪਾਰਟੀਆਂ

ਸਿਆਸੀ ਪਾਰਟੀਆਂ ਸਿਰਫ ਲੀਡਰਾਂ ਦੇ ਆਸਰੇ ਨਹੀਂ ਚੱਲਦੀਆਂ। ਅੱਗੇ ਕਿਹਾ ਜਾਂਦਾ ਸੀ ਕਿ ਪਾਰਟੀਆਂ ਆਪਣੀ ਸੋਚ ਵਾਲੇ ਲੋਕਾਂ ਦੇ ਆਸਰੇ ਚੱਲਦੀਆਂ ਨੇ। ਹੁਣ ਇਹ ਵੀ ਨਹੀਂ ਕਿਹਾ ਜਾਂਦਾ। ਇਸ ਦੀ ਥਾਂ ਹੁਣ ਇਹ ਕਿਹਾ ਜਾਣ ਲੱਗ ਪਿਐ ਕਿ ਪਾਰਟੀਆਂ ਬਹੂਬਲ ਦੇ ਆਸਰੇ ਚਲਾਈਆਂ ਜਾਂਦੀਆਂ ਨੇ।

ਜਦੋਂ ਪੰਜਾਬ ਵਿੱਚ ਕਾਂਗਰਸੀ ਰਾਜ ਸੀ, ਉਹਦੇ ਵਿੱਚ ਵੀ ਕੁਝ ਲੱਠਮਾਰਾਂ ਦੀ ਚਲਦੀ ਹੁੰਦੀ ਸੀ। ਮਗਰੋਂ ਲੱਠਮਾਰ ਹੀ ਉਸ ਰਾਜ ਨੂੰ ਲੈ ਬੈਠੇ ਸਨ। ਇੱਕ ਮੰਤਰੀ ਨੇ ਆਪਣੇ ਇੱਕ ਲੱਠਮਾਰ ਨੂੰ ਉਸੇ ਦੇ ਮੁਹੱਲੇ ਵਿੱਚ 'ਬਾਂਦਰ ਟਪੂਸੀਆਂ ਮਾਰਦਾ' ਕਹਿ ਦਿੱਤਾ ਸੀ। ਸਾਰੇ ਦੇ ਸਾਰੇ ਲੱਠਮਾਰ ਰੁੱਸ ਗਏ ਸਨ। ਘਟਨਾ ਇਹ ਵੋਟਾਂ ਪੈਣ ਤੋਂ ਇੱਕ ਦਿਨ ਪਹਿਲਾਂ ਦੀ ਸੀ। ਲੱਠਮਾਰਾਂ ਦੀ ਧਾੜ ਨੇ ਰਾਤੋ ਰਾਤ ਦਲ ਬਦਲੀ ਕੀਤੀ ਤੇ ਉਸ ਬਾਹੂ ਬਲੀ ਕਾਂਗਰਸੀ ਮੰਤਰੀ ਨੂੰ ਜਲੰਧਰ ਵਿੱਚ ਆਪਣੀ ਟਰਾਂਸਪੋਰਟ ਕੰਪਨੀ ਚਲਾਉਣ ਜੋਗਾ ਕਰ ਦਿੱਤਾ ਸੀ। ਉਂਜ ਵੀ ਉਹਨਾਂ ਲੱਠਮਾਰਾਂ ਨੇ ਦੂਜੀ ਧਿਰ ਜਿੱਤਦੀ ਵੇਖ ਕੇ ਰਾਤੋ-ਰਾਤ ਪਲਟੀ ਮਾਰਨੀ ਹੀ ਸੀ। ਇੱਕ ਬਹਾਨਾ ਜਿਹਾ ਚਾਹੀਦਾ ਸੀ, ਮੰਤਰੀ ਦੇ ਮੂੰਹੋਂ ਨਿੱਕਲੀ 'ਬਾਤ ਦਾ ਬਤੰਗੜ' ਬਣਾ ਕੇ ਮੌਕਾ ਵਰਤ ਲਿਆ ਸੀ।

ਓਦਾਂ ਦੀ ਧਾੜ ਹੁਣ ਅਕਾਲੀਆਂ ਨਾਲ ਹੈ। ਪਿਛਲੇ ਦਿਨੀਂ ਇਸ ਧਾੜ ਨੇ ਪਹਿਲਾਂ ਇੱਕ ਗੁਰਦੁਆਰੇ 'ਤੇ ਕਬਜ਼ਾ ਕੀਤਾ। ਫਿਰ ਇੱਕ ਰਾਤ ਉਸ ਗੁਰਦੁਆਰੇ ਦੀਆਂ ਦੁਕਾਨਾਂ ਵਿੱਚ ਇੱਕ ਪੱਤਰਕਾਰ ਦੇ ਦਫਤਰ ਉੱਤੇ ਕਬਜ਼ਾ ਜਾ ਕੀਤਾ। ਪੱਤਰਕਾਰ ਦੀ ਪੁੱਛਗਿੱਛ ਬਾਹਲੀ ਨਹੀਂ ਹੋ ਸਕੀ। ਲੱਠਮਾਰਾਂ ਦੀ ਪਿੱਠ ਉੱਤੇ ਇੱਕ ਅਕਾਲੀ ਵਿਧਾਇਕ ਸੁਣੀਂਦੈ। ਇਸ ਕਰ ਕੇ ਕੋਈ ਧਿਰ ਪੱਤਰਕਾਰ ਦੇ ਨਾਲ ਡਟ ਕੇ ਨਹੀਂ ਖਲੋ ਸਕੀ। ਇੱਕੋ ਟਾਇਮ ਉੱਤੇ ਉਹ ਲੱਠਮਾਰ ਗੁਰਦੁਆਰੇ ਦੀ ਦੋ ਤਰਫੀ ਲੜਾਈ ਲੜੀ ਜਾਂਦੇ ਨੇ।

ਲੜੀ ਜਾਂਦੇ ਨੇ, ਥੋੜ੍ਹਾ-ਥੋੜ੍ਹਾ ਵਕਫਾ ਦੇ ਕੇ ਇਹੋ ਜਿਹੇ ਲੋਕ ਕਿਸੇ ਨਾ ਕਿਸੇ ਨਾਲ ਲੜਨਾ ਜਾਰੀ ਰੱਖਦੇ ਨੇ। ਕਾਰਨ ਇਸ ਦਾ ਸਿਰਫ ਛੀਓੜੰਬਾ ਜਾਣਦੈ।

ਭਾਈ ਪਿਆਰਿਓ, ਇੱਕ ਥਾਣੇਦਾਰ ਨੇ ਇੱਕ ਵਾਰੀ ਇੱਕ ਮੰਤਰੀ ਦੇ ਕਹਿਣ ਉੱਤੇ ਕੁਝ ਲੋਕ ਕੁੱਟ ਦਿੱਤੇ ਸਨ। ਰੌਲਾ ਜ਼ਿਆਦਾ ਪੈ ਗਿਆ। ਮੰਤਰੀ ਨੇ ਉਸ ਨੂੰ ਸਮਝਾ ਕੇ ਕੁਝ ਦਿਨ ਲਈ ਸਸਪੈਂਡ ਕਰਨ ਦਾ ਸਾਂਗ ਰਚ ਕੇ ਘਰ ਭੇਜ ਦਿੱਤਾ। ਹਫਤੇ ਕੁ ਬਾਅਦ ਉਸ ਨੇ ਇੱਕ ਦਿਨ ਆਪਣੇ ਘਰ ਦੇ ਦੋ ਕੁ ਜੀਆਂ ਨੂੰ ਬਿਨਾਂ ਵਜ੍ਹਾ ਥੱਪੜ ਜੜ ਦਿੱਤੇ ਤੇ ਨਾਲੇ ਸਾਰੇ ਟੱਬਰ ਨੂੰ ਗਾਲ੍ਹਾਂ ਕੱਢ ਦਿੱਤੀਆਂ। ਸ਼ਾਮ ਨੂੰ ਸਾਰਾ ਟੱਬਰ ਏਕਾ ਕਰ ਕੇ ਬਹਿ ਗਿਆ। ਥਾਣੇਦਾਰ ਨੇ ਮਾਫੀ ਮੰਗ ਲਈ। ਸਾਰੇ ਟੱਬਰ ਨੇ ਕਿਹਾ, "ਸਾਨੂੰ ਸਿਰਫ ਤੂੰ ਏਨੀ ਗੱਲ ਦੱਸ ਦੇਹ ਕਿ ਬਿਨਾ ਵਜ੍ਹਾ ਏਦਾਂ ਗਾਲ੍ਹਾਂ ਕਿਉਂ ਕੱਢੀਆਂ ਤੇ ਮਾਰਕੁੱਟ ਕਿਉਂ ਕੀਤੀ?"

ਥਾਣੇਦਾਰ ਨੇ ਕਿਹਾ, "ਮੇਰੀ ਮਜ਼ਬੂਰੀ ਸਮਝੋ! ਮੈਂ ਸਦਾ ਤਾਂ ਸਸਪੈਂਡ ਨਹੀਂ ਰਹਿਣਾ। ਹੋਰ ਹਫਤੇ ਦਸ ਦਿਨਾਂ ਬਾਅਦ ਬਹਾਲ ਹੋ ਕੇ ਪੁਲਿਸ ਦੀ ਡਿਊਟੀ ਕਰਨ ਜਾਣੈ। ਏਦਾਂ ਕਰ ਕੇ ਮੈਂ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਪ੍ਰੈਕਟਿਸ ਕਰਦਾ ਹਾਂ ਤਾਂ ਕਿ ਕਿਧਰੇ ਸਾਰਾ ਕੁਝ ਭੁੱਲ ਹੀ ਨਾ ਜਾਂਦਾ ਹੋਵਾਂ।"

ਇਹ ਜ਼ੋਰਾਵਰ ਵੀ ਏਦਾਂ ਕਰ ਕੇ ਆਪਣਾ ਹੋਮਵਰਕ ਕਰਦੇ ਰਹਿੰਦੇ ਨੇ, ਤਾਂ ਕਿ ਪ੍ਰੈਕਟਿਸ ਬਣੀ ਰਹੇ। ਸਾਲ ਤਾਂ ਮਸਾਂ ਦੋ ਰਹਿ ਗਏ ਨੇ ਵੋਟਾਂ ਵੇਲੇ ਫੇਰ ਇਹਨਾਂ ਦੀ ਲੋੜ ਪੈਣੀ ਹੈ। ਇਸ ਕਰ ਕੇ ਉਨ੍ਹਾਂ ਦੇ ਸਰਪ੍ਰਸਤ ਵੀ ਥਾਪੀ ਦਈ ਜਾਂਦੇ ਨੇ। ਵੋਟਾਂ ਵੇਲੇ ਭਾਵੇਂ ਇਹ ਲੱਠਮਾਰ ਕਿਸ ਦੀ ਸੇਵਾ ਕਰਨਗੇ, ਇਸ ਗੱਲ ਦਾ ਖੁਦ ਉਨ੍ਹਾਂ ਨੂੰ ਵੀ ਹਾਲੇ ਤੱਕ ਪਤਾ ਨਹੀਂ ਹੋਣਾ।

## ਗੱਠਜੋੜ

ਸੁਖਬੀਰ ਕਾਲੀਆ ਕਮੇਟੀ ਦੀ ਰਿਪੋਰਟ ਮਗਰੋਂ ਪੰਜਾਬ ਦੇ ਹਾਕਮ ਗੱਠਜੋੜ ਵਿੱਚ ਸਭ ਕੁਝ ਠੀਕ ਨਹੀਂ ਹੋ ਸਕਿਆ। ਖਜ਼ਾਨੇ ਦੀ ਮੰਦੀ ਹਾਲਤ ਕਾਰਨ ਰਾਜਨੀਤਕ ਸਮੱਸਿਆ ਖੜ੍ਹੀ ਹੋਈ ਸੀ। ਟੈਕਸ ਤਾਂ ਕਿਤੇ ਨਾ ਕਿਤੇ ਲਾਉਣੇ ਹੀ ਪੈਣੇ ਸੀ। ਅਕਾਲੀ ਪਿੰਡਾਂ ਵੱਲ ਉਂਗਲ ਨਹੀਂ ਸਨ ਉਠਾਉਣ ਦੇਂਦੇ ਤੇ ਭਾਜਪਾ ਵਾਲੇ ਸ਼ਹਿਰੀ ਲੋਕਾਂ ਉੱਤੇ ਬੋਝ ਨਹੀਂ ਸਨ ਪਾਉਣ ਦੇਂਦੇ। ਦੋਵਾਂ ਧਿਰਾਂ ਦੀ ਖਿੱਚੋਤਾਣ ਵਧਦੀ ਵਧਦੀ ਉਨ੍ਹਾਂ ਨੂੰ ਦਿੱਲੀ ਦੇ ਭਾਜਪਾ ਆਗੂਆਂ ਦੇ ਦਰਬਾਰ ਤੱਕ ਲੈ ਗਈ ਸੀ।

ਅੰਤ ਨੂੰ ਕੁਝ ਹੱਲ ਜਿਹਾ ਕੱਢਿਆ ਗਿਆ! ਜਿਹੜਾ ਪੈਂਖੜ ਗੱਠਜੋੜ ਦੇ ਗੱਡੇ ਦੇ ਦੋਵਾਂ ਬਲਦਾਂ ਨੂੰ ਪਿਆ ਹੋਇਆ ਸੀ, ਉਹ ਸਾਂਝੇ ਤੌਰ 'ਤੇ ਵੱਢਿਆ ਗਿਆ। ਰਿਪੋਰਟ ਪੰਜਾਬ ਸਰਕਾਰ ਦੇ ਹਵਾਲੇ ਕਰ ਦਿੱਤੀ ਗਈ। ਮੰਤਰੀ ਮੰਡਲ ਦੀ ਬਕਾਇਦਾ ਮੀਟਿੰਗ ਵਿੱਚ ਇਸ ਦੀ ਅੱਧ-ਪਚੱਧੀ ਹਾਮੀ ਵੀ ਭਰ ਦਿੱਤੀ ਗਈ।

ਰੱਫੜ ਫੇਰ ਵੀ ਮੁੱਕਾ ਨਹੀਂ। ਭਾਰਤੀ ਜਨਤਾ ਪਾਰਟੀ ਅੰਦਰਲੇ ਕੁਝ ਲੋਕ ਅਜੇ ਵੀ ਸੰਤੁਸ਼ਟ ਨਹੀਂ। ਵਜ਼ਾਰਤੀ ਧਿਰ ਵਾਲੇ ਚੁੱਪ ਕੀਤੇ ਪਏ ਨੇ। ਬਾਹਰ ਵਾਲੇ ਕਹਿੰਦੇ ਨੇ ਕਿ ਸਾਨੂੰ ਅਕਾਲੀ ਦਲ ਨਾਲ ਰਾਜਨੀਤਕ ਗੱਠਜੋੜ ਰਾਸ ਨਹੀਂ ਆ ਰਿਹਾ। ਨੁਕਤੇ ਕੱਢ ਕੱਢ ਕੇ ਉਹ ਸਮਝੌਤੇ ਦਾ ਵਿਰੋਧ ਕਰੀ ਜਾ ਰਹੇ ਨੇਂ ਪੰਜਾਬ ਦੀ ਭਾਜਪਾ ਲੀਡਰਸ਼ਿਪ ਨੇ ਉਨ੍ਹਾਂ ਦੀ ਸ਼ਿਕਾਇਤ ਦਿੱਲੀ ਦੇ ਲੀਡਰਾਂ ਕੋਲ ਕਰ ਦਿੱਤੀ ਕਿ ਇਹ ਸਾਨੂੰ ਦਿਨ ਨਹੀਂ

ਕੱਟਣ ਦੇਂਦੇ। ਕੇਂਦਰ ਦੀ ਭਾਜਪਾ ਲੀਡਰਸ਼ਿਪ ਨੇ ਦੂਜਿਆਂ ਨੂੰ ਦਿੱਲੀ ਸੱਦ ਕੇ ਦੁੱਖ ਪੁੱਛਿਆ ਤਾਂ ਉਹ 'ਅਸਲ ਗੱਲ' ਦੱਸ ਆਏ।

ਗੱਲ ਤਾਂ ਛੋਟੀ ਜਿਹੀ ਸੀ, ਪਰ ਜਿਹੜਾ 'ਵੱਡਾ ਸਾਰਾ' ਜਵਾਬ ਇਸ ਸਵਾਲ ਪਿੱਛੋਂ ਉਨ੍ਹਾਂ ਨੇ ਦਿੱਲੀ ਜਾ ਕੇ ਦੱਸਿਆ ਇਹ ਤੁਸੀਂ ਛੀਓੜੰਬੇ ਤੋਂ ਸੁਣ ਲਵੋ।

ਭਾਈ ਸੱਜਣੋ, ਇੱਕ ਬੱਚਾ ਪਹਿਲਾਂ ਹੁਸ਼ਿਆਰ ਹੁੰਦਾ ਸੀ, ਫੇਰ ਪਛੜਨ ਲੱਗ ਪਿਆ। ਉਹ ਸਕੂਲ ਦਾ ਕੰਮ ਵੀ ਨਾ ਨੋਟ ਕਰ ਕੇ ਲਿਆਇਆ ਕਰੇ। ਟੀਚਰ ਵੀ ਉਸੇ ਦੀਆਂ ਸ਼ਿਕਾਇਤਾਂ ਲਿਖ ਲਿਖ ਕੇ ਭੇਜੀ ਜਾਇਆ ਕਰਨ। ਇੱਕ ਦਿਨ ਉਸ ਦੇ ਬਾਪ ਨੇ ਪਿਆਰ ਨਾਲ ਪੁੱਛਿਆ, "ਬਾਕੀ ਗੱਲਾਂ ਛੱਡ, ਤੂੰ ਇਹ ਦੱਸ ਸਕੂਲੋਂ ਘਰ ਦਾ ਕੰਮ ਨੋਟ ਕਰ ਕੇ ਕਿਉਂ ਨਹੀਂ ਲਿਆਉਂਦਾ?"

ਬੱਚੇ ਨੇ ਕਿਹਾ, "ਮੈਨੂੰ ਤਾਂ ਬਲੈਕਬੋਰਡ ਹੀ ਨਹੀਂ ਦਿਸਦਾ!" ਉਸ ਦਾ ਬਾਪ ਉਸ ਨੂੰ ਅੱਖਾਂ ਦੇ ਡਾਕਟਰ ਕੋਲ ਲੈ ਗਿਆ। ਡਾਕਟਰ ਨੇ ਪਿਆਰ ਨਾਲ ਪੁੱਛਿਆ, "ਬੇਟਾ, ਅਹੁ ਸਾਹਮਣੇ ਲੱਗਾ ਬੋਰਡ ਦਿਸਦੈ!"

ਬੱਚੇ ਨੇ ਝੱਟ ਕਿਹਾ, "ਹਾਂ ਜੀ।"

ਡਾਕਟਰ ਨੇ ਕਿਹਾ, "ਫੇਰ ਤੈਨੂੰ ਆਪਣੀ ਕਲਾਸ ਦਾ ਬਲੈਕ ਬੋਰਡ ਭਲਾ ਕਿਉਂ ਨਹੀਂ ਦਿਸਦਾ?"

ਬੱਚੇ ਬੋਲਿਆ, "ਡਾਕਟਰ ਅੰਕਲ, ਮੇਰੇ ਅੱਗੇ ਇੱਕ ਵੱਡਾ ਸਾਰਾ ਮੁੰਡਾ ਬੈਠਾ ਹੁੰਦੈ, ਉਹਦੇ ਪਿੱਛੇ ਬੋਰਡ ਵੀ ਲੁਕ ਜਾਂਦੈ, ਮੈਨੂੰ ਕੁਝ ਦਿਸਦਾ ਹੀ ਨਹੀਂ।"

ਜਿਵੇਂ ਉਸ ਬੱਚੇ ਨੇ ਦੱਸਿਆ ਡਾਕਟਰ ਨੂੰ ਤਾਂ ਬੱਚੇ ਦੇ ਪਿਤਾ ਨੂੰ 'ਅਸਲ ਗੱਲ' ਸਮਝ ਆਈ ਸੀ, ਉਵੇਂ ਹੀ ਪੰਜਾਬ ਦੇ ਇਹ ਭਾਜਪਾ ਲੀਡਰ ਵੀ ਦਿੱਲੀ ਵਾਲਿਆਂ ਨੂੰ, 'ਅਸਲ ਗੱਲ' ਸਮਝ ਆਈ ਸੀ, ਉਵੇਂ ਹੀ ਪੰਜਾਬ ਦੇ ਇਹ ਭਾਜਪਾ ਲੀਡਰ ਵੀ ਦਿੱਲੀ ਵਾਲਿਆਂ ਨੂੰ 'ਅਸਲ ਗੱਲ' ਦੱਸ ਆਏ ਨੇ ਕਿ ਪੰਜਾਬ ਵਿੱਚ ਚੰਗਾ ਹੋਵੇ ਜਾਂ ਮਾੜਾ, ਸਿਰਫ ਅਕਾਲੀ ਹੀ ਦਿਸਦੇ ਨੇ, ਭਾਜਪਾ ਦਾ ਕਿਸੇ ਪਾਸੇ ਕਿਸੇ ਗਿਣਤੀ ਵਿੱਚ ਹੀ ਨਹੀਂ ਸਮਝੀ ਜਾ ਰਹੀ!

## ਭਗਤ ਰਵਿਦਾਸ ਜੀ ਦੀ ਸੋਚ ਦਾ ਕੀਤਾ ਜਾ ਰਿਹਾ ਬ੍ਰਾਹਮਣੀਕਰਨ

ਭਗਤ ਰਵਿਦਾਸ ਜੀ ਨੇ ਜਦ ਬ੍ਰਾਹਮਣਵਾਦ ਦੀ ਅਖੌਤੀ ਨੀਚ ਜਾਤੀ ਲੋਕਾਂ ਨੂੰ ਦਬਾਉਣ ਦੀ ਨੀਤੀ ਨੂੰ ਵੰਗਾਰਿਆ ਤਾਂ ਹਮੇਸ਼ਾ ਵਾਂਗ ਅਖੌਤੀ ਉੱਚ ਜਾਤੀ ਦੇ ਲੋਕ ਭਗਤ ਜੀ ਦੇ ਦੁਸ਼ਮਣ ਬਣ ਗਏ ਅਤੇ ਸਾਰੀ ਉਮਰ ਉਹ ਰਵਿਦਾਸ ਜੀ ਨੂੰ ਸਤਾਉਂਦੇ ਰਹੇ। ਇਸ ਸਮੇਂ ਦੌਰਾਨ ਹੀ ਭਗਤ ਜੀ ਨੇ ਵਿਰੋਧੀਆਂ ਦੀ ਪ੍ਰਵਾਹ ਕੀਤੇ ਬਿਨਾਂ ਉਸ ਭਗਤੀ ਮਾਰਗ ਦਾ ਉਪਦੇਸ਼ ਜਾਰੀ ਰੱਖਿਆ ਜੋ ਉਹਨਾਂ ਦੇ ਧਾਰਮਿਕ ਗੁਰੂ ਰਾਮਾਨੰਦ ਨੇ ਸ਼ੁਰੂ ਕੀਤਾ ਸੀ। ਉਹਨਾਂ ਦੇ ਜੀਵਨ ਦੀ ਇਹ ਹੋਰ ਵੀ ਵੱਡੀ ਗੱਲ ਹੈ ਕਿ ਜਿਸ ਸਮੇਂ ਰਵਿਦਾਸ ਜੀ ਨੇ ਧਾਰਮਿਕ ਉਪਦੇਸ਼ ਕੀਤੇ ਉਸ ਸਮੇਂ ਸ਼ੂਦਰ ਅਤੇ ਅਖੌਤੀ ਨੀਵੀਂ ਜਾਤੀ ਦੇ ਲੋਕਾਂ ਨੂੰ ਰੱਬ ਦਾ ਨਾਮ ਲੈਣ ਦੀ ਵੀ ਮਨਾਹੀ ਸੀ, ਇਥੋਂ ਤੱਕ ਕਿ ਜੇਕਰ ਕਿਸੇ ਨੀਚ ਜਾਤੀ ਦੇ ਵਿਅਕਤੀ ਦੇ ਕੰਨ ਵਿੱਚ ਹਿੰਦੂ ਗ੍ਰੰਥਾਂ ਦੇ ਸ਼ਬਦ ਪੈ ਜਾਣ ਤਾਂ ਹਿੰਦੂ ਵਿਧਾਨ ਅਨੁਸਾਰ ਉਸ ਵਿਅਕਤੀ ਦੇ ਕੰਨਾਂ ਵਿੱਚ ਸਿੱਕਾ ਗਰਮ ਕਰਕੇ ਪਾ ਦੇਣ ਤੱਕ ਦੀ ਸਜ਼ਾ ਤਜਵੀਜ਼ ਕੀਤੀ ਹੋਈ ਸੀ। ਇਸ ਸਮੇਂ ਦੌਰਾਨ ਹੀ ਭਗਤ ਰਵਿਦਾਸ ਜੀ ਨੇ ਹਿੰਦੂ ਸਲਤਨਤ ਵਾਲੇ ਇਲਾਕੇ ਬਨਾਰਸ ਵਿੱਚ ਉਸ ਸੋਚ ਦਾ ਸਖਤ ਵਿਰੋਧ ਕੀਤਾ ਜੋ ਮਨੁੱਖਤਾ ਨੂੰ ਦਬਾ ਕੇ ਰੱਖਣ ਦੀ ਹਾਮੀ ਸੀ। ਭਗਤ ਰਵਿਦਾਸ ਜੀ ਦੇ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ 40 ਸ਼ਬਦਾਂ ਵਿੱਚੋਂ ਅੱਧ ਤੋਂ ਵੱਧ ਸ਼ਬਦ ਬ੍ਰਾਹਮਣਵਾਦੀ ਕਰਮਕਾਂਡਾਂ ਦੇ ਵਿਰੋਧ ਵਿੱਚ ਹਨ।

ਅਫਸੋਸ ਹੈ ਕਿ ਭਗਤ ਰਵਿਦਾਸ ਜੀ ਜੋ ਸਾਰੀ ਉਮਰ ਬ੍ਰਾਹਮਣਵਾਦ ਦਾ ਵਿਰੋਧ ਕਰਦੇ ਰਹੇ ਆਖਰ ਉਹਨਾਂ ਦੀ ਸੋਚ ਦਾ ਹੀ ਬ੍ਰਾਹਮਣੀਕਰਨ ਕਰ ਦਿੱਤਾ ਗਿਆ ਹੈ। ਹਿੰਦੂ ਮਹਾਂ ਵਿਦਵਾਨ ਕੁਟੱਲਿਆ ਰਿਸ਼ੀ ਉਰਫ਼ ਮੰਨੂ ਜਿਸ ਨੇ ਹਿੰਦੂ ਵਿਧਾਨ ਘੜਿਆ ਹੈ, ਦੀ ਨੀਤੀ ਅਨੁਸਾਰ ਹਦਾਇਤਾਂ ਹਨ ਕਿ ਨੀਚ ਜਾਤੀ ਦੇ ਲੋਕਾਂ ਨੂੰ ਹਰ ਢੰਗ ਤਰੀਕਾ ਅਪਣਾਅ ਕੇ ਦਬਾ ਕੇ ਰੱਖਿਆ ਜਾਵੇ, ਇਸ ਲਈ ਉਸ ਨੇ ਮੰਨੂ ਸਿਮ੍ਰਤੀ ਗ੍ਰੰਥ ਵਿੱਚ ਬਹੁਤ ਸਾਰੇ ਤਸੀਹੇ ਅਤੇ ਢੰਗ ਤਰੀਕਿਆਂ ਦਾ ਵਰਣਨ ਕੀਤਾ ਹੈ। ਇਸ ਗ੍ਰੰਥ ਦੀ ਨੀਤੀ ਅਨੁਸਾਰ ਹੀ ਜਦੋਂ ਕੋਈ ਸੋਚ ਬ੍ਰਾਹਮਣਵਾਦ 'ਤੇ ਭਾਰੂ ਹੁੰਦੀ ਜਾਪੇ ਤਾਂ ਉਸ ਦਾ ਬ੍ਰਾਹਮਣੀਕਰਨ ਕਰ ਦਿੱਤਾ ਜਾਵੇ। ਅਜਿਹਾ ਹੀ ਭਗਤ ਰਵਿਦਾਸ ਜੀ ਦੀ ਸੋਚ ਅਤੇ ਹੁਣ ਤੱਕ ਸਿੱਖ ਧਰਮ ਨਾਲ ਹੋ ਰਿਹਾ ਹੈ। ਇਹ ਗੱਲ ਵੀ ਮੰਨਣੀ ਪਏਗੀ ਕਿ ਜੇਕਰ ਭਗਤ ਰਵਿਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਾ ਹੁੰਦੀ ਤਾਂ ਹੁਣ ਤੱਕ ਉਕਤ ਤਾਕਤਾਂ ਆਪਣੇ ਮਿਸ਼ਨ ਵਿੱਚ ਕਾਮਯਾਬ ਹੋ ਜਾਣੀਆਂ ਸਨ। ਦਸਮ ਗ੍ਰੰਥ, ਗੁਰਬਿਲਾਸ ਪਾਤਸ਼ਾਹੀ ਛੇਵੀਂ, ਜਨਮ ਸਾਖੀ ਭਾਈ ਬਾਲੇ ਵਾਲੀ, ਜਿਨ੍ਹਾਂ ਰਾਹੀਂ ਸਿੱਖ ਸਾਹਿਤ ਵਿੱਚ ਘੁਸਪੈਠ ਕਰਕੇ ਬ੍ਰਾਹਮਣਵਾਦੀ ਤਾਕਤਾਂ ਨੇ ਸਿੱਖ ਧਰਮ ਨੂੰ ਨਿਗਲ ਲੈਣਾ ਚਾਹਿਆ ਉਹਨਾਂ ਵਿੱਚ ਗੁਰਭਗਤਮਾਲ ਅਤੇ ਮਿਸਟਰ ਮੱਕਾਲਫ "ਦਾ ਸਿੱਖ ਰਿਲੀਜਨ" ਵੀ ਇੱਕ ਹੈ। ਗੁਰ ਭਗਤ ਮਾਲ ਅਤੇ ਸਿੱਖ ਰਿਲੀਜਨ ਦੇ ਲਿਖਾਰੀਆਂ ਨੇ ਰਵਿਦਾਸ ਜੀ ਨੂੰ ਇੱਕ ਹਿੰਦੂ ਮੂਰਤੀ ਪੁਜਾਰੀ ਬਣਾ ਕੇ ਅਜਿਹਾ ਪੇਸ਼ ਕੀਤਾ ਕਿ ਹੁਣ ਰਵਿਦਾਸ ਜੀ ਦੇ ਬਹੁਤੇ ਅਨੁਆਈ ਭਗਤ ਜੀ ਨੂੰ ਹਿੰਦੂ ਹੀ ਸਮਝਣ ਲੱਗ ਗਏ ਹਨ ਜਦ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਸਭ ਹਿੰਦੂ ਕਰਮਕਾਂਡਾਂ ਦਾ ਵਿਰੋਧ ਕਰਦੀ

ਹੈ। ਗੁਰ ਭਗਤ ਮਾਲ ਅਨੁਸਾਰ ਰਵਿਦਾਸ ਜੀ ਦੀ ਸਿੱਖਿਆ ਤੋਂ ਉਲਟ ਗੰਗਾ ਮਾਈ, ਪਾਰਸ, ਠਾਕਰ ਸੇਵਾ, ਠਾਕਰਾਂ ਦਾ ਨਦੀ ਵਿੱਚ ਤੈਰਨਾ ਅਤੇ ਸੋਨੇ ਦਾ ਜਨੇਊ ਦਿਖਾਉਣ ਦੀਆਂ ਕਹਾਣੀਆਂ ਘੜ ਕੇ ਭਗਤ ਜੀ ਨੂੰ ਹਿੰਦੂ ਦਰਸਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ, ਸਗੋਂ ਇਥੋਂ ਤੱਕ ਲਿਖਿਆ ਹੈ ਕਿ ਰਵਿਦਾਸ ਜੀ ਕੋਈ ਚਮਿਆਰ ਜਾਤੀ ਵਿਚੋਂ ਨਹੀਂ ਸਨ ਸਗੋਂ ਉਹ ਤਾਂ ਪਿਛਲੇ ਜਨਮ ਦੇ ਬ੍ਰਾਹਮਣ ਹੀ ਸਨ, ਉਹਨਾਂ ਨੂੰ ਚਮਿਆਰਾਂ ਦੇ ਘਰ ਜਨਮ ਤਾਂ ਇੱਕ ਸਜ਼ਾ ਵਜੋਂ ਲੈਣਾ ਪਿਆ ਸੀ। ਹਿੰਦੂਵਾਦ ਵੱਲੋਂ ਕੀਤੇ ਜਾ ਰਹੇ ਨਵੇਂ ਯਤਨਾਂ ਵਜੋਂ ਇਸ ਸਮੇਂ ਭਗਤ ਰਵਿਦਾਸ ਜੀ ਦੀਆਂ ਜੋ ਤਸਵੀਰਾਂ ਬਣਾਈਆਂ ਜਾ ਰਹੀਆਂ ਹਨ ਉਹਨਾਂ ਵਿੱਚ ਭਗਤ ਜੀ ਦੇ ਮੱਥੇ ਉਤੇ ਤਿਲਕ ਲੱਗਾ ਹੋਇਆ, ਕੋਲ ਕ੍ਰਿਸ਼ਨ ਜੀ ਦੀ ਮੂਰਤੀ ਤੋਂ ਇਲਾਵਾ ਹੱਥ ਉਤੇ 'ਸੋਹੰ' ਸ਼ਬਦ ਲਿਖਿਆ ਹੋਇਆ ਹੁੰਦਾ ਹੈ। ਇਹਨਾਂ ਤਾਕਤਾਂ ਵੱਲੋਂ ਕੀਤੇ ਗਏ ਹੋਰ ਯਤਨਾਂ ਵਿੱਚ ਰਵਿਦਾਸ ਜੀ ਨੂੰ ਭਗਤ ਦੀ ਥਾਂ ਗੁਰੂ ਸ਼ਬਦ ਨਾਲ ਸੰਬੋਧਨ ਕਰਨ, ਵੱਖਰੇ ਰਵਿਦਾਸ ਜੀ ਦੇ ਗੁਰਦੁਆਰੇ ਅਤੇ ਮੰਦਰ ਉਸਾਰਨੇ ਅਤੇ ਰਵਿਦਾਸ ਪੂਜਾ ਦੇ ਵੱਖਰੇ ਸ਼ਬਦ ਘੜ ਕੇ ਦਿੱਤੇ ਗਏ ਹਨ ਜਿਨ੍ਹਾਂ ਨੂੰ ਤੇਜ਼ੀ ਨਾਲ ਅਪਨਾਇਆ ਵੀ ਜਾ ਰਿਹਾ ਹੈ।

ਪ੍ਰੋ. ਪਿਆਰਾ ਸਿੰਘ ਪਦਮ ਨੇ ਮਈ 1993 ਦੇ ਗੁਰਮਤਿ ਪ੍ਰਕਾਸ਼ ਵਿੱਚ ਲਿਖਿਆ ਸੀ ਕਿ ਜਿਸ ਤਰ੍ਹਾਂ ਪੈਰਾਂ ਹੇਠ ਲਿਤਾੜੀ ਮਿੱਟੀ ਸਿਰ ਨੂੰ ਆਉਂਦੀ ਹੈ, ਉਸੇ ਤਰ੍ਹਾਂ ਪ੍ਰੋਹਤ ਬ੍ਰਾਹਮਣ ਦੀ ਪੈਦਾਵਾਰ ਜਾਤਪਾਤਵਾਦੀ ਵਿਚਾਰਧਾਰਾ ਨੂੰ ਕੁਚਲਣ ਲਈ ਬਨਾਰਸ ਵਿਚੋਂ ਦੋ ਮਹਾਂਪੁਰਸ਼ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਲਤਾੜੀਆਂ ਗਈਆਂ ਦਲਿਤ ਸ਼੍ਰੇਣੀਆਂ ਵਿਚੋਂ ਪੈਦਾ ਹੋਏ ਜੋ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਸਨ। ਹਰ ਇੱਕ ਵਿਅਕਤੀ ਇਹ ਜਾਣਦਾ ਹੈ ਕਿ ਸਿੱਖ ਗੁਰੂਆਂ ਤੋਂ ਬਿਨਾਂ ਜੋ ਵੀ ਭਗਤਾਂ ਅਤੇ ਸਿੱਖਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਥਾਂ ਦਿੱਤੀ ਹੈ, ਉਹ ਸਾਰੀ ਰਚਨਾ ਗੁਰੂਆਂ ਦੀ ਸਿੱਖਿਆ ਦੇ ਐਨ ਅਨੁਕੂਲ ਹੈ। ਜੇਕਰ ਭਗਤ ਰਵਿਦਾਸ ਜੀ ਮੂਰਤੀ ਪੂਜਕ ਜਾਂ ਬ੍ਰਾਹਮਣਵਾਦੀ ਕਰਮਕਾਂਡੀ ਹੁੰਦੇ ਤਾਂ ਉਹਨਾਂ ਦੀ ਰਚਨਾ ਨੂੰ ਥਾਂ ਮਿਲਣੀ ਹੀ ਨਹੀਂ ਸੀ। ਇਹ ਗੱਲ ਵੀ ਸਾਰੇ ਮੰਨਦੇ ਹਨ ਕਿ ਰਵਿਦਾਸ ਜੀ ਦੇ ਧਾਰਮਿਕ ਗੁਰੂ ਰਾਮਾਨੰਦ ਜੀ ਸਨ। ਭਗਤ ਰਾਮਾਨੰਦ ਜੀ ਬਾਰੇ ਮਿਲ ਰਹੀਆਂ ਲਿਖਤਾਂ ਵਿੱਚ ਇੱਕ ਗੱਲ ਸਾਂਝੀ ਹੈ ਕਿ ਕਾਂਸ਼ੀ ਵਿੱਚ ਉਹਨਾਂ ਨੇ ਜਨ-ਸਮੂਹ ਲਈ ਭਗਤੀ ਮਾਰਗ ਦਾ ਪ੍ਰਚਾਰ ਕੀਤਾ। ਇਸੇ ਕਾਰਨ ਹੀ ਉਹਨਾਂ ਨੂੰ ਵੈਰਾਗੀ ਸੰਪ੍ਰਦਾ ਅਤੇ ਭਗਤੀ ਲਹਿਰ ਦੇ ਮੋਢੀ ਵਜੋਂ ਜਾਣਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਹਨਾਂ ਦਾ ਇੱਕੋ ਇੱਕ ਸ਼ਬਦ ਦਰਜ ਹੈ। ਕਤ ਜਾਈਐ ਰੇ ਘਰ ਲਾਗੋ ਰੰਗੁ॥ (1195) ਜਿਸ ਵਿੱਚ ਰਾਮਾਨੰਦ ਜੀ ਕਹਿੰਦੇ ਹਨ ਕਿ ਇੱਕ ਦਿਨ ਮੇਰੇ ਮਨ ਵਿੱਚ ਪੂਜਾ ਕਰਨ ਦਾ ਵਿਚਾਰ ਪੈਦਾ ਹੋ ਗਿਆ। ਮੈਂ ਵੀ ਚੰਦਨ ਘਸਾ ਕੇ ਮੰਦਰ ਵਿੱਚ ਪੂਜਾ ਕਰਨ ਲਈ ਤੁਰ ਪਿਆ ਪਰ ਮੈਂ ਸਤਿਗੁਰ ਦੇ ਬਲਿਹਾਰ ਜਾਂਦਾ ਹਾਂ ਜਿਸ ਨੇ ਮੈਨੂੰ ਪ੍ਰਭੂ ਮੰਦਰ ਦੀ ਥਾਂ ਹਿਰਦੇ ਵਿੱਚ ਹੀ ਵਸਦਾ ਦਿਖਾ ਦਿੱਤਾ। ਰਾਮਾਨੰਦ ਜੀ ਅੱਗੇ ਦੱਸਦੇ ਹਨ ਕਿ ਮੈਂ ਵੇਦ-ਪੁਰਾਨ ਆਦਿਕ ਧਾਰਮਿਕ ਪੁਸਤਕਾਂ ਖੋਜ ਕੇ ਦੇਖ ਲਈਆਂ ਹਨ, ਤੀਰਥਾਂ ਮੰਦਰਾਂ ਵਿੱਚ ਵੀ ਜਾਣ ਦੀ ਤਾਂ ਲੋੜ ਹੈ, ਜੇਕਰ ਪ੍ਰਭੂ ਹਰ ਥਾਂ ਵਿਆਪਕ ਨਾ ਹੋਵੇ। ਸੋ ਭਗਤ ਰਵਿਦਾਸ ਜੀ ਦੇ ਅਧਿਆਤਮਿਕ ਗੁਰੂ ਜੇਕਰ ਪ੍ਰਮਾਤਮਾ ਨੂੰ ਹਰ ਥਾਂ ਵਸਦਾ ਸਮਝਦੇ ਹਨ ਤਾਂ ਉਹ ਰਵਿਦਾਸ ਜੀ ਨੂੰ ਮੂਰਤੀ ਪੂਜਕ ਕਿਸ ਤਰ੍ਹਾਂ ਬਣਾ ਸਕਦੇ ਹਨ ? ਖੁਦ ਭਗਤ ਰਵਿਦਾਸ ਜੀ ਵੀ ਪ੍ਰਭੂ ਨੂੰ ਹਰ ਥਾਂ ਵਸਦਾ ਮੰਨਦੇ ਹਨ, ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥ ਇੰਨੇ ਸਪੱਸ਼ਟ ਸੰਦੇਸ਼ ਦੇ ਹੁੰਦਿਆਂ ਹੋਇਆ ਵੀ ਲੋਕਾਂ ਦੀ ਮਾਨਸਿਕਤਾ ਹਿੰਦੂਵਾਦੀ ਕਰਨ ਲਈ ਯਤਨਸ਼ੀਲ ਤਾਕਤਾਂ ਭਗਤ ਰਵਿਦਾਸ ਜੀ ਨੂੰ ਇੱਕ ਹਿੰਦੂ ਭਗਤ ਅਤੇ ਪਿਛਲੇ ਜਨਮ ਦਾ ਬ੍ਰਾਹਮਣ ਸਾਬਤ ਕਰਨ ਵਿੱਚ ਕਾਮਯਾਬ ਹੋ ਰਹੀਆਂ ਹਨ।

ਆਸਟਰੀਆ ਗੋਲੀ ਕਾਂਡ ਤੋਂ ਬਾਅਦ ਪੰਜਾਬ ਦੇ ਲੋਕਾਂ ਨੂੰ ਭੜਕਾਉਣ ਤੋਂ ਬਾਅਦ ਜਿਸ ਤਰ੍ਹਾਂ ਸਿੱਖ ਵਿਰੋਧੀ ਤਾਕਤਾਂ ਨੇ ਹਿੰਸਾ ਪੈਦਾ ਕਰਕੇ ਰਵਿਦਾਸ ਭਾਈਚਾਰੇ ਨੂੰ ਸਿੱਖ ਧਰਮ ਨਾਲੋਂ ਵੱਖ ਕਰਨ ਦੀ ਕੋਸ਼ਿਸ਼ ਕੀਤੀ ਗਈ ਉਸ ਤੋਂ ਇਹਨਾਂ ਤਾਕਤਾਂ ਦੇ ਨਾਪਾਕ ਇਰਾਦਿਆਂ ਦੀ ਤਸਵੀਰ ਵੀ ਸਾਹਮਣੇ ਆਉਂਦੀ ਹੈ। ਇਸ ਹਿੰਦੂਵਾਦੀ ਤਾਕਤਾਂ ਅਕਸਰ ਇਹ ਪ੍ਰਚਾਰ ਕਰਦੀਆਂ ਹਨ ਕਿ ਸਿੱਖ ਧਰਮ ਜੱਟਾਂ ਦਾ ਧਰਮ ਹੈ, ਜਿਸ ਵਿਚੋਂ ਕਥਿਤ ਨੀਵੀਆਂ ਜਾਤੀਆਂ ਵਾਲੇ ਲੋਕਾਂ ਨੂੰ ਬਾਹਰ ਕੱਢ ਦਿੱਤਾ ਗਿਆ ਹੈ, ਜਦਕਿ ਅਸਲ ਵਿੱਚ ਸਿੱਖ ਧਰਮ ਕਿਸੇ ਵਿਸ਼ੇਸ਼ ਜਾਤੀ ਦੀ ਵਿਰਾਸਤ ਨਹੀਂ ਸਗੋਂ ਰਵਿਦਾਸ ਭਾਈਚਾਰੇ ਦੇ ਲੋਕ ਸਿੱਖ ਧਰਮ ਦੇ ਵੱਧ ਨਜ਼ਦੀਕ ਹਨ ਕਿਉਂਕਿ ਇਹਨਾਂ ਲੋਕਾਂ ਵਿਚੋਂ ਸਿੱਖ ਧਰਮ ਦੇ ਕਿਰਤ ਕਰੋ ਸਿਧਾਂਤ ਨੂੰ ਪੂਰੀ ਤਰ੍ਹਾਂ ਅਪਨਾਇਆ ਹੋਇਆ ਹੈ, ਜਦਕਿ ਜੱਟ ਜਾਤੀ ਵਿਚੋਂ ਬਹੁਤੇ ਲੋਕ ਸਿੱਖ ਧਰਮ ਨਾਲੋਂ ਦੂਰ ਹੋ ਚੁੱਕੇ ਹਨ, ਭਾਵੇਂ ਕਿ ਉਹ ਆਪਣੇ ਆਪ ਨੂੰ ਸਿੱਖੀ ਦੇ ਦਾਅਵੇਦਾਰ ਵਜੋਂ ਹੀ ਪੇਸ਼ ਕਰਦੇ ਹਨ। ਸਿੱਖ ਧਰਮ ਦੀ ਰਹਿਤ ਮਰਿਯਾਦਾ ਦੇ ਉਲਟ ਇਹਨਾਂ ਲੋਕਾਂ ਵਿੱਚ ਬਹੁ-ਗਿਣਤੀ ਅੱਜ ਨਸ਼ਿਆਂ ਵਿੱਚ ਗ੍ਰਸੀ ਜਾ ਚੁੱਕੀ ਹੈ ਅਤੇ ਬਹੁ-ਗਿਣਤੀ ਨੌਜੁਆਨ ਪੀੜ੍ਹੀ ਕੇਸ ਕਤਲ ਕਰਦੀ ਹੈ, ਫਿਰ ਸਿੱਖ ਧਰਮ ਉਤੇ ਜੱਟਾਂ ਦਾ ਹੱਕ ਵਧੇਰੇ ਹੋਣ ਦੀ ਗੱਲ ਕਿਵੇਂ ਵੀ ਸਹੀ ਨਹੀਂ ਹੈ। ਸਗੋਂ ਸਿੱਖ ਧਰਮ ਵਿੱਚ ਤਾਂ ਕਿਸੇ ਵੀ ਜਾਤ ਪਾਤ ਦੇ ਤੌਰ 'ਤੇ ਭਿੰਨ-ਭਾਵ ਨੂੰ ਥਾਂ ਹੀ ਨਹੀਂ ਹੈ।

ਵਿਆਨਾ ਘਟਨਾ ਤੋਂ ਬਾਅਦ ਹੀ ਜਿਸ ਤਰ੍ਹਾਂ ਰਵਿਦਾਸ ਜੀ ਦੀ ਯਾਦ ਵਿੱਚ ਬਣੇ ਗੁਰਦੁਆਰਾ ਸਾਹਿਬਾਨਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਹਟਾਉਣ ਦੀ ਲਹਿਰ ਚਲਾਈ ਗਈ ਇਹ ਲਹਿਰ ਵੀ ਇਸ ਭਾਈਚਾਰੇ ਨੂੰ ਤੇਜ਼ੀ ਨਾਲ ਹਿੰਦੂਵਾਦ ਵਿੱਚ ਡੁਬੋ ਕੇ ਮਾਰਨ ਲਈ ਕਾਹਲ ਵਜੋਂ ਹੀ ਵਰਤਿਆ ਗਿਆ ਛੜਯੰਤਰ ਸੀ, ਜਦਕਿ ਉਸ ਸਮੇਂ ਖੁਦ ਹਿੰਸਾਧਾਰੀਆਂ ਅਤੇ ਜਲਸੇ ਜਲੂਸ ਕੱਢਣ ਵਾਲੇ ਲੋਕਾਂ ਨੂੰ ਅਸਲ ਗੱਲਾਂ ਬਾਰੇ ਵੀ ਬਹੁਤਾ ਗਿਆਨ ਨਹੀਂ ਸੀ ਇਸ ਸਬੰਧੀ ਦੋ ਅੱਖੀਂ ਦੇਖੀਆਂ ਘਟਨਾਵਾਂ ਦਾ ਜ਼ਿਕਰ ਇਸ ਅਮਲੇ ਨੂੰ ਸਮਝਣ ਲਈ ਸਹਾਈ ਹੋਵੇਗਾ।

ਜਦੋਂ ਵਿਆਨਾ ਕਾਂਡ ਤੋਂ ਬਾਅਦ ਪੰਜਾਬ ਵਿੱਚ ਹਿੰਸਾ ਦਾ ਦੌਰ ਜ਼ੋਬਨ 'ਤੇ ਸੀ ਤਾਂ ਉਸ ਸਮੇਂ ਮੈਂ ਪੱਤਰਕਾਰ ਹੋਣ ਦੇ ਨਾਤੇ ਬਰਨਾਲਾ ਸ਼ਹਿਰ ਵਿੱਚ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦੀ ਕਵਰੇਜ ਕਰਨ ਗਿਆ। ਵੱਡੀ ਗਿਣਤੀ ਵਿੱਚ ਰਵਿਦਾਸ ਭਾਈਚਾਰੇ ਦੇ ਲੋਕ ਗਰਮ ਨਾਅਰੇ ਮਾਰ ਰਹੇ

ਸਨ, ਜਿਨ੍ਹਾਂ ਵਿੱਚ ਬਹੁਤਿਆਂ ਕੋਲ ਹਥਿਆਰ ਵੀ ਸਨ। ਅਸੀਂ ਪੱਤਰਕਾਰਾਂ ਨੇ ਜਲੂਸ ਦੀ ਅਗਵਾਈ ਕਰ ਰਹੇ ਆਗੂਆਂ ਨੂੰ ਪੁੱਛਿਆ ਕਿ ਤੁਹਾਡਾ ਇਹ ਪ੍ਰਦਰਸ਼ਨ ਕਿਸ ਦੇ ਖਿਲਾਫ ਹੈ ਤਾਂ ਉਹਨਾਂ ਆਗੂਆਂ ਨੂੰ ਵੀ ਇਸ ਗੱਲ ਦਾ ਗਿਆਨ ਨਹੀਂ ਸੀ ਕਿ ਅਸੀਂ ਕਿਸ ਖਿਲਾਫ਼ ਇਹ ਪ੍ਰਦਰਸ਼ਨ ਕਰ ਰਹੇ ਹਾਂ। ਦੂਜੀ ਘਟਨਾ ਮੇਰੇ ਪਿੰਡ ਧੌਲਾ ਵਿੱਚ ਵਾਪਰੀ ਦੱਸ ਰਿਹਾ ਹਾਂ ਜਿਸ ਵਿੱਚ ਮੈਂ ਖੁਦ ਸ਼ਾਮਲ ਸਾਂ। ਆਸਟਰੀਆ ਵਿੱਚ ਗੋਲੀਆਂ ਦਾ ਸ਼ਿਕਾਰ ਹੋਏ ਬਾਬਾ ਰਾਮਾਨੰਦ ਦੀ ਯਾਦ ਵਿੱਚ ਥਾਂ-ਥਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਮੇਰੇ ਪਿੰਡ ਵਿੱਚ ਵੀ ਇਸ ਭਾਈਚਾਰੇ ਦੇ ਲੋਕਾਂ ਵੱਲੋਂ ਗੁਰਦੁਆਰਾ ਸਾਹਿਬ ਵਿੱਚ ਅਖੰਡ ਪਾਠ ਪ੍ਰਕਾਸ਼ ਕੀਤਾ ਗਿਆ। ਆਸਟਰੀਆ ਕਾਂਡ ਵਿੱਚ ਭਾਵੇਂ ਬਾਬਾ ਰਾਮਾਨੰਦ ਦੀ ਮੌਤ ਹੋਈ ਸੀ, ਪ੍ਰੰਤੂ ਇਥੇ ਇਸ ਘਟਨਾ ਵਿੱਚ ਜ਼ਖਮੀ ਹੋਏ ਬਾਬਾ ਪਰਮਾਨੰਦ ਦਾ ਭੋਗ ਪਾ ਦਿੱਤਾ ਗਿਆ ਜੋ ਕਿ ਅਜੇ ਤੱਕ ਜੀਵਤ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਤਿੰਨ ਸੌ ਦੇ ਕਰੀਬ ਲੋਕਾਂ ਵਿੱਚੋਂ ਕਿਸੇ ਨੂੰ ਵੀ ਇਹ ਪਤਾ ਨਹੀਂ ਸੀ ਕਿ ਅਸਲ ਘਟਨਾ ਕੀ ਹੈ? ਕਿਸ ਦੀ ਮੌਤ ਹੋਈ ਹੈ ਜਾਂ ਕੌਣ ਜ਼ਖਮੀ ਹੋਇਆ ਹੈ ਜਾਂ ਫਿਰ ਇਸ ਘਟਨਾ ਦੀ ਸੱਚਾਈ ਕੀ ਹੈ? ਭਾਵ ਇਹ ਕਿ ਰਵਿਦਾਸ ਭਾਈਚਾਰੇ ਦੇ ਲੋਕਾਂ ਦੀ ਭਾਵਨਾਵਾਂ ਨੂੰ ਸਿੱਖ ਕੌਮ ਵਿਚੋਂ ਅਲੱਗ ਕਰਨ ਦੇ ਯਤਨ ਹਰ ਸਮੇਂ ਚੱਲ ਰਹੇ ਹਨ ਤਾਂ ਕਿ ਇਸ ਭਾਈਚਾਰੇ ਦਾ ਫਿਰ ਤੋਂ ਬ੍ਰਾਹਮਣੀਕਰਨ ਕਰ ਦਿੱਤਾ ਜਾਵੇ। ਇਹਨਾਂ ਮਾੜੇ ਮਨਸੂਬਿਆਂ ਤੋਂ ਆਮ ਲੋਕਾਂ ਨੂੰ ਚੇਤਨ ਕਰਨਾ ਸਿੱਖ ਆਗੂਆਂ ਤੇ ਪ੍ਰਚਾਰਕਾਂ ਸਿਰ ਆਉਂਦਾ ਹੈ ਅਤੇ ਰਵਿਦਾਸ ਭਾਈਚਾਰੇ ਨੂੰ ਇਹ ਗੱਲ ਬੜੇ ਹੀ ਠੰਡੇ ਦਿਮਾਗ ਨਾਲ ਵੀ ਸੋਚਣ ਦੀ ਲੋੜ ਹੈ।

**-ਗੁਰਸੇਵਕ ਸਿੰਘ ਧੌਲਾ**
**ddt23376@gmail.com**

# ਮਨੂੰਵਾਦ ਦੀਆਂ ਲੀਹਾਂ ਉਪਰ ਚੱਲਣ ਵਾਲਾ ਬ੍ਰਾਹਮਣੀ ਸਮਾਜ ਹੀ ਦਲਿਤਾਂ ਦਾ ਅਸਲ ਦੁਸ਼ਮਣ

## *ਭਾਰਤ 'ਚੋਂ ਜਾਤਪਾਤ ਨੂੰ ਖਤਮ ਕਰਨ ਦਾ ਸੁਪਨਾ ਕਦੇ ਸੱਚ ਨਹੀਂ ਹੋਵੇਗਾ*

-ਮਦਨ ਸਿੰਘ

ਗੁਰੂ ਨਾਨਕ ਪਾਤਸ਼ਾਹ ਭਾਰਤੀਆਂ 'ਤੇ ਉੱਤੇ ਹੁੰਦਾ ਜ਼ੁਲਮ ਦੇਖ ਕੇ ਕੁਰਲਾ ਉੱਠੇ ਸਨ ਤੇ ਅਕਾਲ ਪੁਰਖ ਨੂੰ ਵੀ ਤਾਹਨਾ ਮਾਰ ਦਿੱਤਾ। ਕੀ ਅੱਜ ਮਨੂੰਵਾਦ ਦੇ ਸ਼ਿਕਾਰ ਹੋਏ ਇਨਸਾਨਾਂ 'ਤੇ ਘੱਟ ਜ਼ੁਲਮ ਹੋ ਰਿਹਾ ਹੈ? ਨਿਸਚੈ ਹੀ ਪਵਿੱਤਰ ਆਤਮਾਵਾਂ ਕਹਿਰਾਂ ਦਾ ਜ਼ੁਲਮ ਹੁੰਦਾ ਦੇਖ ਕੇ ਤੜਫ ਉੱਠੀਆਂ ਹੋਣਗੀਆਂ। ਦਾਸ ਵੀ ਆਪਣੇ ਦਲਿਤ ਵੀਰਾਂ ਦੇ ਦੁੱਖ ਵਿੱਚ ਤਨੋਂ ਮਨੋਂ ਸ਼ਾਮਲ ਹੁੰਦਾ ਹੋਇਆ ਕੁਝ ਕੁ ਸਤਰਾਂ ਲਿਖ ਕੇ ਆਪਣੇ ਪਾਠਕਾਂ ਨਾਲ ਆਪਣੇ ਖਿਆਲਾਤ ਸਾਂਝੇ ਕਰਨ ਦੀ ਓਟ ਲੈ ਰਿਹਾ ਹੈ। ਸਦਾ ਕਾਇਮ ਰਹਿਣ ਵਾਲੀ ਤੇ ਜਨਮ ਤੋਂ ਪੈਦਾ ਹੋਈ ਮਨੁੱਖੀ ਨਾਬਰਾਬਰੀ ਬ੍ਰਾਹਮਣੀ ਮੱਤ ਜਾਂ ਮਨੂੰਵਾਦ ਦਾ ਐਲਾਨੀਆ ਤੱਤ ਹੈ। ਇਹ ਇਸ ਦੇ ਸਮਾਜਿਕ ਪ੍ਰਬੰਧ ਦੀ ਨੀਂਹ ਹੈ। ਇਹ ਸੰਸਾਰ ਪ੍ਰਮਾਤਮਾ ਇੱਕ ਵਿਸ਼ਵ ਵਿਆਪੀ ਪਿਤਾ ਦੇ ਸਮਾਨ ਨਹੀਂ ਸਗੋਂ ਨਾਬਰਾਬਰੀ ਵਰਣਾਂ ਦਾ ਰਚਣਹਾਰਾ ਹੈ। ਸ਼ਾਇਦ ਇਹ ਅਤਿਕਥਨੀ ਨਾ ਹੋਵੇ ਜੇ ਆਖਾਂ, ਸਾਰੇ ਹਿੰਦੂ ਧਾਰਮਿਕ ਗ੍ਰੰਥਾਂ ਦਾ ਤੱਤ ਵੀ ਇਹੋ ਹੀ ਹੈ।

ਇਹ ਇੱਕ ਇਤਿਹਾਸਕ ਸੱਚਾਈ ਹੈ ਕਿ ਜੇਤੂ ਹਮਲਾਵਰਾਂ ਨੇ ਸਦਾ ਹੀ ਆਪਣੇ ਆਪ ਨੂੰ ਤੇ ਆਪਣੀ ਸੱਭਿਅਤਾ ਨੂੰ ਉੱਤਮ ਸਮਝਿਆ ਤੇ ਜਿੱਤੇ ਹੋਏ ਮੁਲਕ ਦੇ ਬਸ਼ਿੰਦਿਆਂ 'ਤੇ ਆਪਣੀ ਬੋਲੀ ਅਤੇ ਸੱਭਿਅਤਾ ਠੋਸਣ ਦਾ ਪੂਰਾ ਯਤਨ ਕੀਤਾ। ਆਸਟਰੇਲੀਆ ਵਿੱਚ ਹਮਲਾਵਰ ਗੋਰੀ ਨਸਲ ਦੇ ਲੋਕਾਂ ਨੇ ਉਥੋਂ ਦੇ ਅਸਲੀ ਬਸ਼ਿੰਦਿਆਂ ਨੂੰ ਕਿਸੇ ਹੱਦ ਤੱਕ ਮਾਰ ਮੁਕਾਇਆ ਤੇ ਬਾਕੀਆਂ ਨੂੰ ਅਨੁਸੂਚਿਤ ਤੇ ਘਟੀਆ ਸਮਝ ਕੇ ਦੁਰਕਾਰਿਆ। ਇਹ ਵਿਵਹਾਰ ਇਸ ਸਮੇਂ ਵੀ ਚਾਲੂ ਹੈ। ਦੱਖਣੀ ਅਫਰੀਕਾ ਵਿੱਚ ਕਾਲੇ ਲੋਕਾਂ ਦੀ ਆਬਾਦੀ 90 ਪ੍ਰਤੀਸ਼ਤ ਹੈ ਪਰ ਮੁਲਕ 'ਤੇ ਕਾਬਜ਼ ਮੁੱਠੀ ਭਰ ਗੋਰਿਆਂ ਦੇ ਗੁਲਾਮ ਹਨ। ਕਿਸੇ ਸਮੇਂ ਭਾਰਤੀ ਲੋਕਾਂ ਨੂੰ ਵੀ ਬ੍ਰਿਟਿਸ਼ ਸਰਕਾਰ ਨੇ ਘਟੀਆ ਨਸਲ ਮਿੱਥ ਕੇ ਰੱਜ ਕੇ ਨਫ਼ਰਤ ਕੀਤੀ ਸੀ। ਇਸੇ ਤਰ੍ਹਾਂ ਅਮਰੀਕਾ ਤੇ ਕੈਨੇਡਾ ਦੇ ਅਸਲੀ ਬਸ਼ਿੰਦੇ ਰੈੱਡ ਇੰਡੀਅਨ ਭਿੱਟ ਦਾ ਸ਼ਿਕਾਰ ਹਨ।

ਇਤਿਹਾਸਕ ਹਵਾਲਿਆਂ ਤੋਂ ਸਿੱਧ ਹੁੰਦਾ ਹੈ ਕਿ ਆਰੀਆਂ ਨੇ ਭਾਰਤ 'ਤੇ ਕਬਜ਼ਾ ਕਰਕੇ ਉਥੋਂ ਦੇ ਅਸਲੀ ਵਸਨੀਕਾਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜ ਕੇ ਰੱਖ ਦਿੱਤਾ ਅਤੇ ਇਸ ਜਕੜ ਤੇ ਪਕੜ ਨੂੰ ਸਦੀਵੀ ਰੱਖਣ ਲਈ ਵਰਣ ਵੰਡ ਦਾ ਢੌਂਗ ਰਚਾਇਆ ਗਿਆ। ਪ੍ਰਵਾਨਿਕਤਾ ਦੀ ਮੋਹਰ ਹਿੰਦੂ ਧਰਮ ਗ੍ਰੰਥਾਂ ਰਾਹੀਂ ਲੁਆਈ ਗਈ। ਇਹ ਗ੍ਰੰਥ ਹਨ - ਵੇਦ, ਸ਼ਾਸਤਰ, ਸਿਮ੍ਰਤੀਆਂ, ਸ਼ਰੁਤੀਆਂ, ਤੁਲਸੀ ਰਮਾਇਣ, ਮਨੂੰ ਸਿਮ੍ਰਤੀ, ਗੀਤਾ, ਮਹਾਂਭਾਰਤ ਅਤੇ ਪੁਰਾਣ ਆਦਿ। ਡਾਕਟਰ ਅੰਬੇਡਕਰ ਉਪਰ ਲਿਖੀਆਂ ਪੁਸਤਕਾਂ ਨੂੰ ਧਾਰਮਿਕ ਨਹੀਂ ਮੰਨਦਾ, ਜਿਨ੍ਹਾਂ ਰਾਹੀਂ ਜਾਤਪਾਤ ਤੇ ਨਾਬਰਾਬਰੀ ਵਾਲੇ ਸਮਾਜ ਨੂੰ ਪੱਕਿਆਂ ਕੀਤਾ ਗਿਆ। ਪੜ੍ਹਿਆਂ ਤੇ ਵਿਚਾਰ ਕੀਤਿਆਂ ਡਾ. ਅੰਬੇਦਕਰ ਦੀ ਵਿਚਾਰ ਠੀਕ ਜਾਪਦੀ

ਹੈ। ਅਜੋਕਾ ਭਾਰਤੀ ਸਮਾਜ ਇਨ੍ਹਾਂ ਧਾਰਮਿਕ ਪੁਸਤਕਾਂ 'ਤੇ ਹੀ ਉਸਾਰਿਆ ਗਿਆ ਜਾਪਦਾ ਹੈ। ਇਹ ਸਿਸਟਮ ਸਦੀਆਂ ਤੋਂ ਚੱਲਿਆ ਆ ਰਿਹਾ ਹੈ।

ਇਸ ਨਾਬਰਾਬਰੀ ਵਾਲੇ ਸਮਾਜ ਨੂੰ ਖਤਮ ਕਰਨ ਲਈ ਕਈ ਮਹਾਂਪੁਰਸ਼ਾਂ ਨੇ ਯਤਨ ਕੀਤੇ ਪ੍ਰੰਤੂ ਦੁੱਖ ਨਾਲ ਲਿਖ ਰਿਹਾ ਹਾਂ ਕਿ ਪੂਰਣ ਤੌਰ 'ਤੇ ਉਹ ਇਸ ਗੰਦੇ ਸਮਾਜ ਦੀਆਂ ਜੜ੍ਹਾਂ ਨਾ ਕੱਟ ਸਕੇ। ਇਨ੍ਹਾਂ ਵਿੱਚੋਂ ਬੁੱਧ ਧਰਮ ਤੇ ਸਿੱਖ ਧਰਮ ਦੇ ਯਤਨ ਸ਼ਲਾਘਾਯੋਗ ਹਨ। ਬੁੱਧ ਤੇ ਇਸ ਦੇ ਪੈਰੋਕਾਰਾਂ ਨੇ ਵਰਣ ਵੰਡ ਦੇ ਖਿਲਾਫ ਤਕੜੀ ਜਦੋਜਹਿਦ ਕੀਤੀ, ਪਰ ਚਲਾਕ ਬ੍ਰਾਹਮਣ ਨੇ ਪਹਿਲਾਂ ਬੁੱਧ ਨੂੰ ਭਗਵਾਨ ਦਾ ਦਰਜਾ ਦਿੱਤਾ, ਫਿਰ ਬੁੱਧ ਦੀ ਮੂਰਤੀ ਬਣਾ ਕੇ ਪੂਜਾ ਕਰਨੀ ਸ਼ੁਰੂ ਕੀਤੀ। ਫਿਰ ਬੁੱਧ ਧਰਮ ਨੂੰ ਆਪਣਾ ਹੀ ਹਿੱਸਾ ਬਣਾ ਲਿਆ। ਯਾਦ ਰੱਖਣ ਵਾਲੀ ਗੱਲ ਹੈ ਕਿ ਬੁੱਧ ਧਰਮ ਰੱਬ ਦੀ ਸ਼ਕਤੀ ਨੂੰ ਨਹੀਂ ਮੰਨਦਾ।

ਗੁਰੂ ਨਾਨਕ ਤੇ ਇਨ੍ਹਾਂ ਦੇ ਉਤਰਾਧਿਕਾਰੀ ਪਾਤਸ਼ਾਹਾਂ ਨੇ ਵੀ ਜਹਾਦ ਕੀਤਾ। ਕਾਫੀ ਹੱਦ ਤੱਕ ਸਫਲਤਾ ਵੀ ਮਿਲੀ। ਗੁਰੂ ਗ੍ਰੰਥ ਸਾਹਿਬ ਵਿੱਚ ਊਚ-ਨੀਚ, ਭਗਤਾਂ ਦੀ ਬਾਣੀ ਦਰਜ ਕਰਕੇ ਵਰਣ-ਵੰਡ ਦੇ ਸਿਧਾਂਤ 'ਤੇ ਕਰਾਰੀ ਸੱਟ ਮਾਰੀ। ਆਪ ਵੀ ਗੁਰੂ ਸਾਹਿਬਾਂ ਨੇ ਅਕਾਲੀ ਬਾਣੀ ਵਿੱਚ ਜਾਤ-ਪਾਤ ਦਾ ਖੰਡਨ ਕੀਤਾ। ਮੰਨਣਾ ਹੀ ਪਵੇਗਾ ਕਿ ਸਿੱਖ ਧਰਮ ਵੀ ਮਨੂੰਵਾਦ ਨੂੰ ਨਾ ਖਤਮ ਕਰ ਸਕਿਆ, ਕਿਉਂਕਿ ਸਿੱਖ ਧਰਮ ਨੂੰ ਮੰਨਣ ਵਾਲੇ ਪੁਰਾਣੇ ਖੁੰਢ ਬ੍ਰਾਹਮਣਵਾਦ ਦੀਆਂ ਪਾਈਆਂ ਲੀਹਾਂ ਨੂੰ ਛੱਡਣ ਨੂੰ ਤਿਆਰ ਨਹੀਂ। ਮੇਰੇ ਖਿਆਲ ਵਿੱਚ ਸਿੱਖ ਧਰਮ ਦੀ ਹੋ ਰਹੀ ਦੁਰਦਸ਼ਾ ਦਾ ਇਹ ਵੀ ਇੱਕ ਵੱਡਾ ਕਾਰਨ ਹੈ।

ਭਾਰਤ 1947 ਵਿੱਚ ਆਜ਼ਾਦ ਹੋਇਆ। ਉਮੀਦ ਸੀ ਸਾਰੇ ਭਾਰਤੀ ਵਸਨੀਕਾਂ ਨੂੰ ਆਪਣੇ ਅਕੀਦੇ ਮੁਤਾਬਿਕ ਬਰਾਬਰੀ ਵਾਲੇ ਸਮਾਜ ਵਿੱਚ ਵਧਣ ਫੁੱਲਣ ਦੇ ਸਾਰੇ ਮੌਕੇ ਮਿਲਣਗੇ। ਧਰਮ ਨਿਰਪੱਖਤਾ ਦੇ ਆਧਾਰ 'ਤੇ ਸੰਵਿਧਾਨ ਘੜਿਆ ਗਿਆ। ਵਿਧਾਨ ਘਾੜਤ ਕਮੇਟੀ ਦਾ ਮੁਖੀ ਡਾਕਟਰ ਅੰਬੇਦਕਰ ਸੀ, ਜਿਹੜਾ ਕਿ ਵਰਣ ਵੰਡ ਦਾ ਕੱਟੜ ਵਿਰੋਧੀ ਸੀ। ਸਾਰਿਆਂ ਨੂੰ, ਖਾਸ ਕਰਕੇ ਦਲਿਤਾਂ ਨੂੰ ਭਰੋਸਾ ਸੀ ਕਿ ਉਨ੍ਹਾਂ ਨਾਲ ਇਨਸਾਫ ਹੋਵੇਗਾ। 26 ਜਨਵਰੀ, 1950 ਨੂੰ ਇਹ ਸੰਵਿਧਾਨ ਲਾਗੂ ਕੀਤਾ ਗਿਆ। ਦੁੱਖ ਦੀ ਗੱਲ ਹੈ ਕਿ ਧਰਮ ਨਿਰਪੱਖਤਾ ਵਾਲੀ ਗੱਲ ਕਾਗਜ਼ੀ ਸੰਵਿਧਾਨ ਦਾ ਹੀ ਇੱਕ ਹਿੱਸਾ ਬਣ ਕੇ ਰਹਿ ਗਈ। ਬਹੁਗਿਣਤੀ ਵਾਲੇ ਸਮਾਜ ਨੇ ਆਪਣੀ ਸਿੱਖਿਆ ਸਰੋਤ ਨੂੰ ਮਨੂੰ ਸਿਮ੍ਰਤੀ ਆਦਿ ਗ੍ਰੰਥਾਂ ਨੂੰ ਹੀ ਬਣਾਈ ਰੱਖਿਆ। ਮਨੂੰ ਜੀ ਨੂੰ ਭਗਵਾਨ ਸਮਝ ਕੇ ਪੂਜਿਆ ਜਾਣ ਲੱਗਾ। ਰਾਜਸਥਾਨ ਹਾਈਕੋਰਟ ਦੀ ਬਿਲਡਿੰਗ ਦੇ ਸਾਹਮਣੇ ਮਨੂੰ ਜੀ ਦਾ ਬੁੱਤ ਲਾਇਆ ਗਿਆ। ਕੁਮੇਰ ਪਿੰਡ ਜ਼ਿਲ੍ਹਾ ਭਰਤਪੁਰ ਰਾਜਸਥਾਨ ਵਿੱਚ ਹੀ ਹੈ ਜਿੱਥੇ ਦਲਿਤਾਂ ਦੇ ਖੂਨ ਦੀ ਜਾਟਾਂ ਨੇ ਰਲ ਕੇ ਹੋਲੀ ਖੇਲੀ, ਬਲਾਤਕਾਰ ਹੋਏ, ਅੱਗਾਂ ਲਾਈਆਂ ਗਈਆਂ ਅਤੇ ਹਲਾਕੂ ਚੰਗੇਜ਼ ਖਾਨ ਵਲੋਂ ਕੀਤੀ ਤਬਾਹੀ ਦੀ ਯਾਦ ਤਾਜ਼ਾ ਹੋ ਗਈ। ਇਸ ਘਟਨਾ ਦੀ ਗੂੰਜ ਇਸ ਸਮੇਂ ਦੇਸਾਂ ਪ੍ਰਦੇਸਾਂ ਵਿੱਚ ਪੈ ਰਹੀ ਹੈ। ਇਹ ਦੁਰਘਟਨਾ ਪਹਿਲੀ ਨਹੀਂ, ਇਸ ਤੋਂ ਪਹਿਲਾਂ ਵੀ ਇਸੇ ਤਰ੍ਹਾਂ ਵਾਪਰ ਚੁੱਕਿਆ ਹੈ, ਪ੍ਰੰਤੂ ਭਾਰਤੀ ਸਰਕਾਰ ਤਮਾਸ਼ਾ ਦੇਖ ਰਹੀ ਹੈ। ਕੋਈ ਗ੍ਰਿਫਤਾਰੀ ਨਹੀਂ, ਨਾ ਹੀ ਕਿਸੇ ਨੂੰ ਸਜ਼ਾ ਮਿਲੀ। ਕਾਰਨ ਸਾਫ ਹੈ, ਕਾਤਲ ਉੱਚੀ ਜਾਤ ਵਾਲੇ ਹੁੰਦੇ ਹਨ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਵਾਲੀ ਪੁਲਿਸ ਵੀ ਉੱਚੀ ਜਾਤ ਵਾਲੀ ਹੁੰਦੀ ਹੈ। ਇਸ ਲਈ ਇਨਸਾਫ ਇੱਲ੍ਹ ਦੇ ਆਲ੍ਹਣੇ ਵਿੱਚੋਂ ਮਾਸ ਲੱਭਣ ਵਾਲੀ ਗੱਲ ਹੁੰਦੀ ਹੈ।

ਭਾਰਤ ਵਿੱਚ ਦਲਿਤਾਂ ਦੀ ਅਬਾਦੀ ਤਕਰੀਬਨ 20 ਕਰੋੜ ਦੇ ਲਗਭਗ ਹੈ, ਜਿਹੜੀ ਕਿ ਸਾਰੀ ਅਬਾਦੀ ਦਾ 25 ਪ੍ਰਤੀਸ਼ਤ ਹਿੱਸਾ ਬਣਦਾ ਹੈ। ਏਨੀ ਵੱਡੀ ਗਿਣਤੀ ਹੋਣ ਦੇ ਬਾਵਜੂਦ ਇੱਜ਼ਤ ਤੇ ਗੈਰਤ ਵਾਲੀ ਜ਼ਿੰਦਗੀ ਜਿਊਣ ਦਾ ਇਨ੍ਹਾਂ ਨੂੰ ਹੱਕ ਨਹੀਂ। ਬ੍ਰਾਹਮਣਾਂ ਦੀ ਅਬਾਦੀ ਸਿਰਫ ਸਾਢੇ 5 ਪ੍ਰਤੀਸ਼ਤ ਹੈ, ਪ੍ਰੰਤੂ ਸਰਕਾਰੀ ਜਾਂ ਗੈਰ-ਸਰਕਾਰੀ ਹਰ ਕੰਮ ਮਨੂੰ ਸਿਮ੍ਰਤੀ ਦੇ ਸਿਧਾਂਤ 'ਤੇ ਹੀ ਚਲਾਇਆ ਜਾ ਰਿਹਾ ਹੈ। ਅੰਕੜੇ ਹੈਰਾਨਕੁੰਨ ਪ੍ਰਗਟਾਵਾ ਕਰਦੇ ਹਨ। ਡਿਪਟੀ ਸੈਕਟਰੀ ਤੋਂ ਲੈ ਕੇ ਉਪਰ ਤੱਕ ਦੀਆਂ 500 ਪਦਵੀਆਂ ਵਿੱਚੋਂ 310 ਇਕੱਲੇ ਬ੍ਰਾਹਮਣਾਂ ਕੋਲ ਹਨ। ਦੇਸ਼ ਦੇ 26 ਸੂਬਿਆਂ ਦੇ ਸਕੱਤਰਾਂ ਵਿੱਚੋਂ 19 ਸਕੱਤਰ ਬ੍ਰਾਹਮਣ ਹਨ। ਗਵਰਨਰ ਤੇ ਲੈਫਟੀਨੈਂਟ ਗਵਰਨਰਾਂ ਵਿੱਚੋਂ 13 ਬ੍ਰਾਹਮਣ ਹਨ। ਸੁਪਰੀਮ ਕੋਰਟ ਦੇ 16 ਜੱਜਾਂ ਵਿੱਚੋਂ 9 ਬ੍ਰਾਹਮਣ ਹਨ। ਹਾਈਕੋਰਟ ਦੇ 330 ਜੱਜਾਂ ਵਿੱਚੋਂ 166 ਬ੍ਰਾਹਮਣ ਹਨ। ਯੂਨੀਵਰਸਿਟੀਆਂ ਦੇ 98 ਵਾਈਸ ਚਾਂਸਲਰਾਂ ਵਿੱਚੋਂ 50 ਬ੍ਰਾਹਮਣ ਹਨ। 438 ਜ਼ਿਲ੍ਹਾ ਮੈਜਿਸਟਰੇਟਾਂ ਵਿੱਚੋਂ 258 ਬ੍ਰਾਹਮਣ ਹਨ ਅਤੇ ਰਾਜ ਸਭਾ ਵਿੱਚ 89 ਬ੍ਰਾਹਮਣ ਹਨ। ਮਨੂੰ ਦਾ ਦਾਅਵਾ ਹੈ ਕਿ ਬ੍ਰਹਮਾ ਨੇ ਕਾਨੂੰਨ ਪ੍ਰਨਾਲੀ ਆਪ ਤਿਆਰ ਕੀਤੀ ਹੈ ਅਤੇ ਮਨੂੰ ਨੂੰ ਸਿਖਾਈ ਹੈ। ਮਨੂੰ ਨੇ ਇਹ ਭ੍ਰਿਗ ਨੂੰ ਸਮਝਾਈ ਅਤੇ ਭ੍ਰਿਗ ਨੇ ਫਿਰ ਰਿਸ਼ੀਆਂ ਨੂੰ ਸਿਖਾਈ। ਇਸੇ ਤਰ੍ਹਾਂ ਮਨੂੰ ਸਿਮ੍ਰਤੀ ਦੇ ਆਧਾਰ 'ਤੇ ਕਾਨੂੰਨ ਸਾਰੇ ਭਾਰਤੀ ਸਮਾਜ 'ਤੇ ਲਾਗੂ ਹੋ ਗਿਆ। ਮਨੂੰ ਸਿਮ੍ਰਤੀ ਤੇ ਹਿੰਦੂ ਧਰਮ ਗ੍ਰੰਥ ਹੀ ਹਨ ਜਿਨ੍ਹਾਂ ਨੇ ਇੱਕ ਵੱਖਰੇ ਸ਼ੂਦਰ ਸਮਾਜ ਨੂੰ ਜਨਮ ਦਿੱਤਾ। ਇਨ੍ਹਾਂ ਧਰਮ ਗ੍ਰੰਥਾਂ ਬਾਰੇ ਸੰਖੇਪ ਰੂਪ ਵਿੱਚ ਖਾਸ ਕਰਕੇ ਦਲਿਤਾਂ ਸਬੰਧੀ ਵਿਚਾਰ ਕਰਨੀ ਕਥਾਏਂ ਨਹੀਂ ਹੋਵੇਗੀ।

ਹਿੰਦੂ ਧਰਮ ਗ੍ਰੰਥਾਂ ਤੇ ਮਨੂੰ ਨੇ ਬ੍ਰਾਹਮਣ ਨੂੰ ਸਭ ਤੋਂ ਸ੍ਰੇਸ਼ਟ ਲਿਖਿਆ ਹੈ।

ਸ੍ਰੀ ਸ਼ੰਕਰਾਚਾਰੀਆ ਇਨ੍ਹਾਂ ਖਿਆਲਾਂ ਦੀ ਪੁਸ਼ਟੀ ਕਰਦਾ (ਜਨਤਕ ਪੈਗਾਮ) ਪੇਪਰ ਸਤੰਬਰ 1988 ਦੇ ਸਫਾ 31 'ਤੇ ਲਿਖਦਾ ਹੈ –

1. ਵਰਣ ਵਿਵਸਥਾ ਅੱਜ ਵੀ ਮੰਨਣਯੋਗ ਹੈ। ਸਾਡੇ ਇੱਥੇ ਜਾਤ-ਪਾਤ ਪਹਿਲਾਂ ਤੋਂ ਹੈ। ਪ੍ਰਮਾਤਮਾ ਨੇ ਆਪਣੇ ਸਰੀਰ ਤੋਂ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ ਪੈਦਾ ਕੀਤੇ ਅਤੇ ਉਨ੍ਹਾਂ ਨੂੰ ਆਪਣਾ ਆਪਣਾ ਕੰਮ ਦੱਸ ਦਿੱਤਾ ਗਿਆ।

2. ਜੇ ਅੱਜ ਜਾਤਪਾਤ ਨੂੰ ਨਾ ਮੰਨਿਆ ਗਿਆ ਤਾਂ ਅਨਰਥ ਹੋ ਜਾਵੇਗਾ।

3. ਸੰਸਾਰ ਵਿੱਚ ਸ਼ਾਂਤੀ ਤਾਂ ਹੀ ਹੋ ਸਕਦੀ ਹੈ ਜੇ ਵਰਣ ਵਿਵਸਥਾ ਦਾ ਪਾਲਣ ਕੀਤਾ ਜਾਵੇ।

4. ਅੰਤਰਜਾਤੀ ਵਿਆਹ ਬਹੁਤ ਬੁਰਾ ਹੈ। ਕੀ ਗੱਲ ਹੈ ਖੋਤੇ ਅਤੇ ਘੋੜੀ ਤੋਂ ਖੱਚਰ ਪੈਦਾ ਹੁੰਦੀ ਹੈ। ਕੁੱਤਾ, ਕੁੱਤੀ ਤੋਂ ਬੱਚੇ ਪੈਦਾ ਕਰਦਾ ਹੈ। ਇਸ ਤਰ੍ਹਾਂ ਮਨੁੱਖ ਦਾ ਅੰਤਰਜਾਤੀ ਵਿਆਹ ਨਹੀਂ ਕਰਨਾ ਚਾਹੀਦਾ, ਸਗੋਂ ਆਪਣੀ ਜਾਤੀ ਵਿੱਚ ਹੀ ਸਬੰਧ ਬਣਾਉਣੇ ਚਾਹੀਦੇ ਹਨ। ਭਾਵ ਸ਼ੰਕਰਾਚਾਰੀਆ ਇਹ ਦਲੀਲ ਦਿੰਦਾ ਹੈ ਕਿ ਮਨੁੱਖ ਵੀ ਪਸ਼ੂ ਹੈ। ਪ੍ਰੰਤੂ ਸਾਡੀ ਦਲੀਲ ਹੈ ਕਿ ਘੋੜੀ ਅਤੇ ਖੋਤੇ ਦੀ ਥਾਂ ਦੁਨੀਆਂ ਦਾ ਕੋਈ ਬੰਦਾ ਤੇ ਉੱਚ ਜਾਤੀ ਦੀ ਕੋਈ ਔਰਤ ਸ਼ਾਦੀ ਕਰ ਲੈਣ ਤਾਂ ਉਨ੍ਹਾਂ ਤੋਂ ਨਾ ਕੋਈ ਖੱਚਰ ਪੈਦਾ ਹੋਵੇਗੀ ਨਾ ਕਤੂਰਾ, ਬਸ ਇਨਸਾਨ ਦਾ ਬੱਚਾ ਹੀ ਪੈਦਾ ਹੋਵੇਗਾ। ਜਿਵੇਂ ਪਾਰਸੀ ਫਿਰੋਜ਼ ਗਾਂਧੀ ਤੇ ਇੰਦਰਾ ਬ੍ਰਾਹਮਣੀ ਦੇ ਦੋ ਇਨਸਾਨੀ ਬੱਚੇ ਪੈਦਾ ਹੋਏ।

5. ਦੇਸ਼ ਵਿੱਚ ਇੱਕ ਹੀ ਹਰੀਜਨ ਐਸਾ ਨਹੀਂ ਜਿਹੜਾ ਬ੍ਰਾਹਮਣ ਦੇ ਬਰਾਬਰ ਹੋਵੇ।

ਭਾਰਤ ਸਮਾਜ ਵਿੱਚੋਂ ਵਰਣ ਵੰਡ ਖਤਮ ਕਰਨੀ ਇੱਕ ਬਹੁਤ ਵੱਡੀ ਸਮੱਸਿਆ ਹੈ ਭਾਵੇਂ ਅਸੰਭਵ ਨਹੀਂ, ਕਿਉਂਕਿ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਤਾਕਤਾਂ ਉੱਚ ਜਾਤੀ ਦੇ ਲੋਕਾਂ ਦੇ ਹੱਥਾਂ ਵਿੱਚ ਹਨ। ਅਖੌਤੀ ਸੈਕੂਲਰ ਸਰਕਾਰ ਦੇ ਕਰਤਾ ਧਰਤਾ ਵੀ ਇਹੋ ਉੱਚ ਜਾਤੀ ਦੇ ਲੋਕ ਹੀ ਹਨ। ਇਸ ਲਈ ਦਲਿਤ ਭਰਾਵਾਂ ਨੂੰ ਮੇਰਾ ਮਸ਼ਵਰਾ ਹੈ ਕਿ ਤੁਸੀਂ ਇਕੱਲੇ ਇਸ ਛੂਤਛਾਤ ਦੀਆਂ ਜੰਜ਼ੀਰਾਂ ਨੂੰ ਨਹੀਂ ਕੱਟ ਸਕੋਗੇ। ਗੁਰਮਤਿ ਸਿੱਖ ਫਿਲਾਸਫੀ ’ਤੇ ਚੱਲਿਆਂ ਤੇ ਕੌਮ ਦਾ ਸਹਿਯੋਗ ਲੈਂਦਿਆਂ ਇਸ ਗਲੇ ਸੜੇ ਸਮਾਜ ਦੇ ਖਿਲਾਫ ਜਿਹਾਦ ਵਿੱਢਿਆ ਜਾਣ ’ਤੇ ਹੀ ਕਾਮਯਾਬੀ ਹੋ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਪ੍ਰਥਾਇ ਸੇਧਾਂ ਮੌਜੂਦ ਹਨ, ਸਿਰਫ ਸਮਝ ਕੇ ਤੇ ਦ੍ਰਿੜਤਾ ਨਾਲ ਪੱਲੇ ਬੰਨ੍ਹਣ ਦੀ ਲੋੜ ਹੈ। ਮੈਂ ਮੰਨਦਾ ਹਾਂ ਕਿ ਸਿੱਖ ਲੀਡਰਾਂ ਨੇ ਕਈ ਭੁੱਲਾਂ ਕੀਤੀਆਂ ਹਨ ਪ੍ਰੰਤੂ ਗੁਰਮਤਿ ਸਿਧਾਂਤ ਅਟੱਲ ਹਨ ਤੇ ਗੱਜ-ਵੱਜ ਕੇ ਵਰਣ-ਵੰਡ ਦਾ ਖੰਡਨ ਕਰਦੇ ਹਨ।

# ‘ਸ਼ਹਿਰ ਹੈ ਨਾਗਾਂ ਦਾ, ਤੂੰ ਵੀ ਦੇਖ ਕੇ ਤੁਰ ਵਰਮੀਆਂ’

ਕਿਸੇ ਸ਼ਹਿਰ ਵਿੱਚ ਕੌਣ ਰਹਿਣ ਦੇ ਕਾਬਲ ਹੈ; ਕੌਣ ਨਹੀਂ, ਇਸ ਦਾ ਫ਼ੈਸਲਾ ਕੌਣ ਕਰੇਗਾ ? ਕਿ ਕਿਸੇ ਵਿਅਕਤੀ ਵਿਸ਼ੇਸ਼ ਨੂੰ ਇਹ ਹੱਕ ਹੈ ਕਿ ਉਹ ਫਤਵੇ ਜਾਰੀ ਕਰੇ ਕਿ ਫਲਾਣਾ ਬੰਦਾ ਇਸ ਸ਼ਹਿਰ ਦਾ ਹੀ ਨਹੀਂ ਤੇ ਉਹ ਮੁਲਕ ਵੀ ਛੱਡ ਕੇ ਚਲਾ ਜਾਵੇ ? ਨਹੀਂ ਨਾ ? ਤਾਂ ਫਿਰ ਇਹ ਬਾਲ ਠਾਕਰੇ ਕੌਣ ਹੁੰਦਾ ਹੈ ਇਹ ਕਹਿਣ ਵਾਲਾ ਕਿ ਫ਼ਿਲਮ ਸਟਾਰ ਸ਼ਾਹਰੁਖ ਖਾਨ ਨੂੰ ਮੁੰਬਈ ਛੱਡ ਕੇ ਪਾਕਿਸਤਾਨ ਚਲੇ ਜਾਣਾ ਚਾਹੀਦਾ ਹੈ। ਬਾਲ ਠਾਕਰੇ ਸ਼ਿਵ ਸੈਨਾ ਦੇ ਅਖ਼ਬਾਰ ‘ਸਾਮਨਾ’ ਵਿੱਚ ਸ਼ਾਹਰੁਖ ਖਾਨ ਨੂੰ ਧਮਕੀ ਦੇ ਸੁਰ ਵਿੱਚ ਮੁਖਾਤਬ ਹੋਇਆ ਹੈ। ਉਸ ਦੇ ਲੇਖ ਨੂੰ ਪੜ੍ਹਨ ਤੋਂ ਬਾਅਦ ਹੀ ਉਸ ਦੇ ਚੇਲਿਆਂ-ਚਾਟੜਿਆਂ ਨੇ ਸ਼ਾਹਰੁਖ਼ ਖਾਨ ਦੀ ਨਵੀਂ ਫ਼ਿਲਮ ‘ਮਾਈ ਨੇਮ ਇਜ਼ ਖਾਨ’ ਦੇ ਪੋਸਟਰ ਪਾੜਨੇ ਸ਼ੁਰੂ ਕਰ ਦਿੱਤੇ ਹਨ ਅਤੇ ਮਲਟੀਪਲੈਕਸ ਮਾਲਕਾਂ ਨੂੰ ਤਾੜਨਾ ਕੀਤੀ ਹੈ ਕਿ ਉਹ ਇਹ ਫ਼ਿਲਮ ਨਾ ਲਾਉਣ। ਆਖ਼ਰ ਬਾਲ ਠਾਕਰੇ ਨੂੰ ਤਕਲੀਫ਼ ਕੀ ਹੈ ? ਕਦੇ ਉਹ ਸਚਿਨ ਤੇਂਦੁਲਕਰ ਨੂੰ ਨਸੀਹਤਾਂ ਦਿੰਦਾ ਹੈ, ਕਦੇ ਮੁਕੇਸ਼ ਅੰਬਾਨੀ ਨੂੰ ਧਮਕਾਉਂਦਾ ਹੈ, ਕਦੇ ਉਸ ਦੇ ਹੁਕਮ ’ਤੇ ਕ੍ਰਿਕਟ ਮੈਦਾਨਾਂ ਦੀਆਂ ਪਿੱਚਾਂ ਉਖਾੜ ਦਿੱਤੀਆਂ ਜਾਂਦੀਆਂ ਹਨ, ਕਦੇ ਉਸ ਦੀਆਂ ਅੱਖਾਂ ਵਿੱਚ ਅਮਿਤਾਬ ਬੱਚਨ ਰੜਕਦਾ ਹੈ ਅਤੇ ਹੁਣ ਉਸ ਦਾ ਨਜ਼ਲਾ ਸ਼ਾਹਰੁਖ ਖਾਨ ਉੱਪਰ ਡਿਗ ਰਿਹਾ ਹੈ। ਆਖ਼ਰ ਸ਼ਾਹਰੁਖ ਖਾਨ ਨੇ ਅਜਿਹਾ ਕਿਹੜਾ ਗੁਨਾਹ ਕਰ ਦਿੱਤਾ ਹੈ ਕਿ ਬਾਲ ਠਾਕਰੇ ਉਸ ਨੂੰ ਦੇਸ਼ ਨਿਕਾਲਾ ਦੇਣ ਤੁਰ ਪਿਆ ਹੈ। ਗੱਲ ਸਿਰਫ਼ ਇੰਨੀ ਹੈ ਕਿ ਸ਼ਾਹਰੁਖ ਖਾਨ ਨੇ ਪਿਛਲੇ ਦਿਨੀਂ ਪਾਕਿਸਤਾਨੀ ਕ੍ਰਿਕਟ ਖਿਡਾਰੀਆਂ ਬਾਰੇ ਕਿਹਾ ਸੀ ਕਿ ਆਈ. ਪੀ. ਐਲ. ਟੀਮਾਂ ਵਿੱਚ ਉਨ੍ਹਾਂ ਨੂੰ ਲਿਆ ਜਾਣਾ ਚਾਹੀਦਾ ਸੀ। ਇਸ ਤੋਂ ਖ਼ਫ਼ਾ ਹੋਇਆ ਬਾਲ ਠਾਕਰੇ ਸ਼ਾਹਰੁਖ ਨੂੰ ਕਹਿ ਰਿਹਾ ਹੈ ਕਿ ਜੇ ਉਸ ਦੇ ਵਿੱਚ ਹਿੰਮਤ ਹੈ ਤਾਂ ਉਹ ਪਾਕਿਸਤਾਨੀ ਖਿਡਾਰੀਆਂ ਨੂੰ ਆਪਣੀ ਟੀਮ ਵਿੱਚ ਖਿਡਾ ਕੇ ਦਿਖਾਵੇ। ਇਹ ਦਾਦਾਗਿਰੀ ਦਾ ਸਿਰਾ ਹੈ। ਬਾਲ ਠਾਕਰੇ ਚਾਹੁੰਦਾ ਕੀ ਹੈ ? ਇਸ ਦੇ ਬਾਰੇ ਹਿੰਦੀ ਸ਼ਾਇਰ ਬਸੰਤ ਤਿਰਪਾਠੀ ਦੀ ਇਹ ਨਜ਼ਮ ਕੁਝ ਜ਼ਿਆਦਾ ਸਪੱਸ਼ਟ ਕਰਦੀ ਹੈ:

‘ਪਰਿੰਦੇ ਨੂੰ ਇਸ਼ਕ ਹੋ ਜਾਵੇ
ਪਿੰਜਰੇ ਨਾਲ
ਫੁੱਲਾਂ ਵਿਚੋਂ ਬੰਦ ਹੋ ਜਾਵੇ
ਮਹਿਕ ਦਾ ਆਉਣਾ
ਤਰਕਾਲਾਂ ਨਾ ਉਦਾਸ ਕਰਨ
ਨਾ ਖੁਸ਼
ਬੱਚੇ ਤੁਤਲਾਇਆ ਨਾ ਕਰਨ
ਚਿੜੀਆਂ ਆਲ੍ਹਣੇ ਨਾ ਪਾਉਣ
ਘਰਾਂ ਦੀਆਂ ਛੱਤਾਂ ਵਿੱਚ

ਕਾਟੋਆਂ ਤੇ ਤੋਤਿਆਂ ਦੇ ਰੰਗ
ਭੁੱਲ ਜਾਈਏ ਅਸੀਂ
ਭੁੱਲ ਜਾਈਏ ਆਪਣੇ ਬਚਪਨ ਦੀ ਸ਼ਕਲ
ਟਰੇਨ ਸੁਰੰਗ ਵਿਚੋਂ ਲੰਘ ਰਹੀ ਹੋਵੇ
ਤੇ ਸਾਨੂੰ ਪਤਾ ਹੀ ਨਾ ਲੱਗੇ।'

ਬਸੰਤ ਤਿਰਪਾਠੀ ਦੀ 'ਡਰ' ਨਾਂਅ ਦੀ ਇਹ ਨਜ਼ਮ ਹੱਸਦੀ ਗਾਉਂਦੀ ਜ਼ਿੰਦਗੀ ਨੂੰ ਚੁਫ਼ੇਰਿਓਂ ਆ ਪਈਆਂ ਬਲਾਵਾਂ ਕਾਰਨ ਮਨ ਵਿੱਚ ਪੈਦਾ ਹੁੰਦੇ ਖ਼ੌਫ਼ ਨੂੰ ਪੇਸ਼ ਕਰਦੀ ਹੈ। ਇਹ ਬਲਾਵਾਂ ਹੀ ਹਨ ਜਿਹੜੀਆਂ ਜ਼ਿੰਦਗੀ ਦੇ ਤਰਾਨੇ ਨੂੰ ਮਰਸੀਏ ਵਿੱਚ ਤਬਦੀਲ ਕਰ ਦਿੰਦੀਆਂ ਹਨ। ਇਹ ਬਲਾਵਾਂ ਕੋਈ ਗੈਬੀ ਤਾਕਤਾਂ ਨਹੀਂ ਹਨ, ਸਗੋਂ ਸਾਡੇ ਆਲੇ-ਦੁਆਲੇ ਫ਼ੈਲੇ ਹੋਏ ਧੁੰਦੂਕਾਰੇ ਵਿੱਚੋਂ ਹੀ ਆਏ ਦਿਨ ਜੰਮਦੀਆਂ, ਫਲਦੀਆਂ-ਫੁਲਦੀਆਂ ਅਤੇ ਫਿਰ ਮਰਦੀਆਂ ਰਹਿੰਦੀਆਂ ਹਨ। ਮਜ਼੍ਹਬੀ, ਜ਼ਾਤੀ ਅਤੇ ਖੇਤਰਵਾਦ ਦੇ ਜਨੂੰਨ ਨਾਂਅ ਦੀਆਂ ਇਨ੍ਹਾਂ ਬਲਾਵਾਂ ਵਿਚੋਂ ਹੀ ਠਾਕਰੇ ਵਰਗਿਆਂ ਦਾ ਉਦੈ ਹੁੰਦਾ ਹੈ ਅਤੇ ਜਦੋਂ ਇਨ੍ਹਾਂ ਦਾ 'ਸੂਰਜ' ਅਸਤ ਹੋਣ ਲਗਦਾ ਹੈ ਤਾਂ ਇਨ੍ਹਾਂ ਦੀ ਗਰਜਣਾਂ ਵਿਚੋਂ ਤਿਲਮਿਲਾਹਟ ਦੇ ਸਾਫ਼ ਝਲਕਾਰੇ ਦਿਖਾਈ ਦਿੰਦੇ ਹਨ।

ਬਾਲ ਠਾਕਰੇ ਆਪਣੀ ਹੋਛੀ ਸਿਆਸਤ ਦੀ ਸਿਖ਼ਰ ਹੰਢਾਅ ਚੁੱਕਾ ਹੈ। ਸ਼ਿਵ ਸੈਨਾ ਦੀ ਸਿਆਸੀ ਤਾਕਤ ਦੇ ਸਿਰ 'ਤੇ ਮੁੰਬਈ 'ਤੇ ਰਾਜ ਕਰਨ ਵਾਲਾ ਬਾਲ ਠਾਕਰੇ ਜ਼ਮੀਨ ਉੱਤੇ ਆਉਂਦਿਆਂ ਹੀ 'ਬਿਨ ਪਾਣੀਓਂ ਮੱਛੀ' ਵਾਂਗ ਤੜਫ਼ ਰਿਹਾ ਹੈ। ਉਸ ਦੀ ਤੜਫ਼ ਵਿੱਚ ਵਾਧਾ ਉਸ ਦੇ ਭਤੀਜੇ ਰਾਜ ਠਾਕਰੇ ਨੇ ਵੀ ਕੀਤਾ ਹੈ, ਜਿਹੜਾ ਉਸ ਦੀ ਸਿਆਸੀ ਤਾਕਤ ਦਾ ਵੱਡਾ ਹਿੱਸਾ ਆਪਣੇ ਨਾਲ ਹੂੰਝ ਕੇ ਲੈ ਗਿਆ ਹੈ। ਭੜਕਾਊ ਸਿਆਸਤ ਦੇ ਸਿਰ 'ਤੇ ਬਾਲ ਠਾਕਰੇ, ਬਾਲਾ ਸਾਹਿਬ ਬਣਿਆ ਸੀ, ਅੱਜ ਉਸ ਨੂੰ ਲਗਦਾ ਹੈ ਕਿ ਸ਼ਾਇਦ ਉਹੀ ਸਿਆਸਤ ਦੁਹਰਾ ਕੇ ਉਹ ਮੁੜ ਆਪਣੀ ਗੁਆਚੀ ਹੋਈ ਬਾਦਸ਼ਾਹਤ ਹਾਸਲ ਕਰ ਲਵੇਗਾ। ਪਰ ਹੁਣ ਵਕਤ ਬਹੁਤ ਅੱਗੇ ਲੰਘ ਗਿਆ ਹੈ। ਜਿਸ ਮੁੰਬਈ ਵਿਚੋਂ ਉਹ ਸ਼ਾਹਰੁਖ ਖਾਨ ਨੂੰ ਬੇਦਖਲ ਕਰਨ ਦੇ ਐਲਾਨ ਕਰ ਰਿਹਾ ਹੈ; ਅੱਜ ਉਸੇ ਮੁੰਬਈ ਵਿੱਚ ਉਸ ਦੀ ਆਪਣੀ ਕੋਈ ਬਹੁਤੀ ਪੁੱਛਗਿੱਛ ਨਹੀਂ ਰਹੀ ਹੈ। ਉਂਝ ਵੀ ਲੋਕ ਹਿਤਾਂ ਤੋਂ ਸੱਖਣੀ ਅਤੇ ਨਿਰੀ-ਪੁਰੀ ਧਰਮ, ਜਾਤ ਅਤੇ ਖੇਤਰਵਾਦ 'ਤੇ ਟਿਕੀ ਸਿਆਸਤ ਦੇ ਦਿਨ ਥੋੜ੍ਹੇ ਹੀ ਹੁੰਦੇ ਹਨ। ਰੌਲੇ-ਗੌਲੇ, ਹੱਲੇ-ਗੁੱਲੇ ਜਾਂ ਫਤਵਿਆਂ ਦੀ ਸਿਆਸਤ ਦਲੀਲਹੀਣ ਹੋਇਆ ਕਰਦੀ ਹੈ ਤੇ ਦਲੀਲਹੀਣਤਾ ਆਪਣੇ-ਆਪ ਨੂੰ ਹੀ ਮਨਫ਼ੀ ਕਰਨਾ ਹੁੰਦਾ ਹੈ।

ਦਰਅਸਲ, ਬਾਲ ਅਤੇ ਰਾਜ ਠਾਕਰਿਆਂ ਨੂੰ ਹੁਣ ਸਮਝ ਲੈਣਾ ਚਾਹੀਦਾ ਹੈ ਕਿ ਉਹ ਅਤੇ ਉਨ੍ਹਾਂ ਦੀ ਸਿਆਸਤ ਵੇਲਾ ਵਿਹਾਅ ਚੁੱਕੀ ਹੈ। ਉਨ੍ਹਾਂ ਦੀ ਸਿਆਸਤ ਭਾਰਤ ਦੇ ਸਵਾ ਅਰਬ ਲੋਕਾਂ ਦਾ ਅਪਮਾਨ ਕਰਨ ਵਾਲੀ ਸਿਆਸਤ ਹੈ। ਹਰ ਹੀਲੇ ਸੱਤਾ ਹਾਸਲ ਕਰਨ ਦੀ ਲਾਲਸਾ ਵਿੱਚ ਉਹ ਹੋਰਾਂ ਲਈ ਜਿਸ ਤਰ੍ਹਾਂ ਦੀ ਭਾਸ਼ਾ ਦੀ ਵਰਤੋਂ ਕਰਦੇ ਹਨ, ਉਹ ਹੀ ਉਨ੍ਹਾਂ ਦੀਆਂ ਸਿਆਸੀ ਜੜ੍ਹਾਂ ਨੂੰ ਖ਼ੋਖਲਾ ਕਰ ਰਹੀ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਮੱਧਕਾਲੀਨ ਸੋਚ ਰੱਖਣ ਵਾਲੇ ਬਾਲ ਠਾਕਰੇ ਨੂੰ ਅੱਜ ਨਹੀਂ ਤਾਂ ਕੱਲ੍ਹ ਇਹ ਇਲਮ ਹੋ ਹੀ ਜਾਣਾ ਹੈ ਕਿ ਕਿਸੇ ਸ਼ਹਿਰ ਜਾਂ ਮੁਲਕ ਵਿੱਚ ਰਹਿਣ ਦੇ ਕਾਬਲ ਕੌਣ ਹੈ, ਤੇ ਕੌਣ ਨਹੀਂ ? ਇਸ ਦਾ ਫੈਸਲਾ ਅਵਾਮ ਨੇ ਹੀ ਕਰਨਾ ਹੁੰਦਾ ਹੈ ਤੇ ਪਿਛਲੇ ਸੱਤ-ਅੱਠ ਵਰ੍ਹਿਆਂ ਤੋਂ ਮਹਾਰਾਸ਼ਟਰ ਅਤੇ ਮੁੰਬਈ ਦੇ ਲੋਕਾਂ ਦੀ ਵੋਟ ਬਕਸਿਆਂ ਵਿਚੋਂ ਨਿਕਲ ਰਹੀ ਰਾਇ ਤਾਂ ਇਹ ਹੀ ਚੀਖ-ਚੀਖ ਕੇ ਆਖ ਰਹੀ ਹੈ ਕਿ ਬਾਲ ਠਾਕਰੇ ਅਤੇ ਉਸ ਦੀ ਸ਼ਿਵ ਸੈਨਾ ਲਈ ਭਾਰਤ ਵਿੱਚ ਹੁਣ ਕੋਈ ਥਾਂ ਨਹੀਂ। ਹੁਣ ਕਿਸ ਨੇ ਕਿੱਥੇ ਰਹਿਣਾ ਹੈ, ਇਹ ਬਾਲ ਠਾਕਰੇ ਖੁਦ ਫੈਸਲਾ ਕਰ ਲਵੇ। ਜ਼ਿੰਦਗੀ ਦੇ ਗੀਤ ਤਾਂ ਇੰਜ ਹੀ ਗਾਏ ਜਾਂਦੇ ਰਹਿਣਗੇ, ਪਰਿੰਦੇ ਪਿੰਜਰਿਆਂ ਵਿੱਚ ਕੈਦ ਨਹੀਂ ਹੋਣਗੇ, ਫੁੱਲਾਂ ਤੋਂ ਮਹਿਕ ਦਾ ਰਿਸ਼ਤਾ ਕਦੇ ਵੱਖ ਨਹੀਂ ਹੋਵੇਗਾ, ਤਰਕਾਲਾਂ ਨੂੰ ਅਸੀਂ ਕਦੇ ਖੁਸ਼ ਹੋਵਾਂਗੇ ਕਦੇ ਉਦਾਸ, ਚਿੜੀਆਂ ਛੱਤਾਂ ਵਿੱਚ ਆਲ੍ਹਣੇ ਪਾਉਣਗੀਆਂ ਹੀ ਪਾਉਣਗੀਆਂ ਅਤੇ ਚੇਤਿਆਂ ਵਿੱਚ ਸਾਡਾ ਬਚਪਨ ਸਦਾ ਹੀ ਨੱਚਦਾ ਰਹੇਗਾ। ਅਖ਼ੀਰ ਵਿੱਚ ਸ਼ਾਇਰ ਮਿੱਤਰ ਮੱਖਣ ਕੁਹਾੜ ਦਾ ਇਹ ਸ਼ਿਅਰ ਮੁਲਾਹਜ਼ਾ ਫਰਮਾਓ;

'ਸ਼ਹਿਰ ਹੈ ਨਾਗਾਂ ਦਾ, ਤੂੰ ਵੀ ਦੇਖ ਕੇ ਤੁਰ ਵਰਮੀਆਂ,
ਉਂਝ ਸਪੇਰੇ ਵੀ ਬੁਲਾਵਾਂਗੇ ਅਸੀਂ, ਵਾਅਦਾ ਰਿਹਾ।'

**-ਸੁਸ਼ੀਲ ਦੁਸਾਂਝ**

# ਕੀ 2035 ਤੱਕ ਹਿਮਾਲਿਆ ਦੇ ਗਲੇਸ਼ੀਅਰ ਪਿਘਲ ਜਾਣਗੇ?

ਵਾਤਾਵਰਨ ਤਬਦੀਲੀ ਦੇ ਬਾਰੇ ਵਿੱਚ ਸੰਯੁਕਤ ਰਾਸ਼ਟਰ ਦੀ ਸਰਪ੍ਰਸਤੀ ਵਾਲੇ ਵਾਤਾਵਰਨ ਤਬਦੀਲੀਆਂ ਸਬੰਧੀ ਵੱਖ-ਵੱਖ ਦੇਸ਼ਾਂ ਦੇ ਨੁਮਾਇੰਦਿਆਂ 'ਤੇ ਆਧਾਰਿਤ ਸੰਯੁਕਤ ਰਾਸ਼ਟਰ ਸੰਘ ਦੀ ਸਰਪ੍ਰਸਤੀ ਹੇਠ ਕੰਮ ਕਰਨ ਵਾਲੇ ਪੈਨਲ (ਆਈ. ਪੀ. ਸੀ. ਸੀ.) ਦੀ ਪ੍ਰਵਾਨਿਤ ਮੰਨੀ ਜਾਣ ਵਾਲੀ ਚੌਥੀ ਜਾਇਜ਼ਾ ਰਿਪੋਰਟ (ਐਫ. ਏ. ਆਰ.) ਵਿੱਚ ਹਿਮਾਲਿਆ ਦੇ ਗਲੇਸ਼ੀਅਰਾਂ ਦੇ ਪਿਘਲਣ ਬਾਰੇ ਦਰਜ ਬਿਆਨਾਂ ਦੀ ਪੁਸ਼ਟੀ

ਸੰਤੁਲਿਤ ਤੱਥਾਂ ਨਾਲ ਨਹੀਂ ਹੋਈ। ਚੌਥੀ ਜਾਇਜ਼ਾ ਰਿਪੋਰਟ 2007 ਵਿੱਚ ਜਾਰੀ ਕੀਤੀ ਗਈ ਸੀ ਜਿਸ ਨੂੰ ਤਿਆਰ ਕਰਨ ਵਿੱਚ ਸੰਸਾਰ ਦੇ 4,000 ਵਿਗਿਆਨੀਆਂ ਦਾ ਯੋਗਦਾਨ ਹੈ। ਅਜਿਹੀ ਰਿਪੋਰਟ ਨੂੰ ਸਖ਼ਤ ਵਿਗਿਆਨਕ ਜਾਂਚ-ਪੜਤਾਲ 'ਚੋਂ ਲੰਘਣਾ ਪੈਂਦਾ ਹੈ। ਉਸ ਵਿੱਚ ਕੀਤੇ ਗਏ ਦਾਅਵਿਆਂ ਦੀ ਪੁਸ਼ਟੀ ਉਨ੍ਹਾਂ ਵਿਗਿਆਨਕ ਲਿਖਤਾਂ ਦੇ ਹਵਾਲਿਆਂ ਦੁਆਰਾ ਕੀਤੀ ਜਾਣੀ ਚਾਹੀਦੀ ਹੈ ਜਿਨ੍ਹਾਂ ਦੀ ਸਮੀਖਿਆ ਉੱਘੇ ਵਿਗਿਆਨੀਆਂ ਦੁਆਰਾ ਕੀਤੀ ਗਈ ਹੋਵੇ।

**ਜਾਇਜ਼ਾ ਰਿਪੋਰਟ**

ਚੌਥੀ ਜਾਇਜ਼ਾ ਰਿਪੋਰਟ ਵਿੱਚ ਇਹ ਕਿਹਾ ਗਿਆ ਸੀ ਕਿ ਸੰਸਾਰ ਦੇ ਹੋਰ ਹਿੱਸਿਆਂ ਵਿੱਚ ਸਥਿਤ ਗਲੇਸ਼ੀਅਰਾਂ ਦੇ ਮੁਕਾਬਲੇ ਹਿਮਾਲਿਆ ਦੇ ਗਲੇਸ਼ੀਅਰ ਵਧੇਰੇ ਤੇਜ਼ੀ ਨਾਲ ਪਿਘਲ ਰਹੇ ਹਨ ਅਤੇ ਜੇ ਆਲਮੀ ਤਪਸ਼ ਇਸੇ ਤਰ੍ਹਾਂ ਜਾਰੀ ਰਹੀ ਤਾਂ ਇਹ 2035 ਤੱਕ ਪੂਰੀ ਤਰ੍ਹਾਂ ਪਿਘਲ ਜਾਣਗੇ। ਇਹ ਸਿੱਟਾ ਕਿਸੇ ਵਿਗਿਆਨ ਤੱਥਾਂ ਦੇ ਆਧਾਰ 'ਤੇ ਨਹੀਂ ਕੱਢਿਆ ਗਿਆ, ਸਗੋਂ ਵਾਤਾਵਰਨ ਤਬਦੀਲੀ ਨੂੰ ਸਵੀਕਾਰਨ ਵਾਲੇ ਇੱਕ ਗਰੁੱਪ ਡਬਲਿਊ. ਡਬਲਿਊ. ਐਫ. ਦੀ ਰਿਪੋਰਟ ਦੇ ਆਧਾਰ 'ਤੇ ਕੱਢਿਆ ਗਿਆ ਹੈ। ਇਸ ਗਰੁੱਪ ਦੀ ਰਿਪੋਰਟ ਵੀ 1999 ਵਿੱਚ ਜਾਰੀ ਹੋਏ ਬਰਤਾਨੀਆ ਦੇ ਪ੍ਰਸਿੱਧ ਵਿਗਿਆਨ ਰਸਾਲੇ 'ਨਿਊ ਸਾਇੰਟਿਸਟ' ਦੀ ਰਿਪੋਰਟ 'ਤੇ ਆਧਾਰਿਤ ਸੀ ਜਿਸ ਵਿੱਚ ਭਾਰਤੀ ਗਲੇਸ਼ੀਅਰ ਵਿਗਿਆਨੀ ਐਸ. ਆਈ. ਹਸਨੈਨ ਦਾ ਹਵਾਲਾ ਦਿੱਤਾ ਗਿਆ ਸੀ। ਪ੍ਰੋ: ਹਸਨੈਨ ਇੱਕ ਸਥਾਪਿਤ ਵਿਗਿਆਨੀ ਹਨ ਜਿਨ੍ਹਾਂ ਦੇ ਕੌਮਾਂਤਰੀ ਪੱਤ੍ਰਿਕਾਵਾਂ ਵਿੱਚ 30 ਖੋਜ ਪਰਚੇ ਛਪ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ 'ਨਿਊ ਸਾਇੰਟਿਸਟ' ਰਸਾਲੇ ਨੂੰ ਕਿਹਾ ਸੀ ਕਿ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ ਪਰ ਉਨ੍ਹਾਂ 2035 ਦੇ ਸੰਨ ਦਾ ਕੋਈ ਜ਼ਿਕਰ ਨਹੀਂ ਸੀ ਕੀਤਾ, ਜੋ ਕਿ ਮਹਿਜ਼ ਇੱਕ 'ਅੰਦਾਜ਼ਾ' ਹੀ ਹੈ ਪਰ 'ਨਿਊ ਸਾਇੰਟਿਸਟ' ਰਸਾਲੇ ਦੇ ਪੱਤਰ ਪ੍ਰੇਰਕ ਦਾ ਇਹ ਕਹਿਣਾ ਹੈ ਕਿ ਉਹ ਆਪਣੀ ਖ਼ਬਰ ਉੱਪਰ ਹੁਣ ਵੀ ਕਾਇਮ ਹਨ।

**ਚਾਰ ਗੱਲਾਂ**

ਸੱਚ ਭਾਵੇਂ ਜੋ ਵੀ ਹੋਵੇ, ਪਰ ਇਸ ਨਾਲ ਚਾਰ ਗੱਲਾਂ ਸਪੱਸ਼ਟ ਹੋ ਜਾਂਦੀਆਂ ਹਨ। ਪਹਿਲੀ, ਪ੍ਰੋ: ਹਸਨੈਨ ਨੇ ਹੁਣ ਤੱਕ ਇਸ ਰਿਪੋਰਟ ਦਾ ਖੰਡਨ ਨਹੀਂ ਕੀਤਾ ਸੀ। ਦੂਸਰੀ, 'ਅੰਦਾਜ਼ੇ' ਵਾਲੀ ਗੱਲ ਰੂਸੀ ਵਿਗਿਆਨਕ ਵੀ. ਐਮ. ਕੋਟਲੀਆਕੋਵ ਵੱਲੋਂ ਇੱਕ ਖੋਜ ਪਰਚੇ ਵਿੱਚ ਕਹੀ ਗਈ ਹੈ ਜੋ ਇਹ ਸੰਕੇਤ ਦਿੰਦੀ ਹੈ ਕਿ ਹਿਮਾਲਿਆ ਦੇ ਗਲੇਸ਼ੀਅਰਾਂ ਦੀ 2350 ਤੱਕ ਪਿਘਲਣ ਦੀ ਸੰਭਾਵਨਾ ਹੈ। ਇਸ ਅੰਕੜੇ ਨੂੰ ਬਦਲ ਕੇ 2035 ਕਰ ਦਿੱਤਾ ਗਿਆ। ਤੀਜੀ, ਆਈ. ਪੀ. ਸੀ. ਸੀ. ਇਸ 'ਅੰਦਾਜ਼ੇ' ਬਾਰੇ ਜਾਂਚ-ਪੜਤਾਲ ਕਰਨ ਵਿੱਚ ਅਸਫਲ ਰਹੀ। ਤੇ ਆਖਰੀ ਗੱਲ ਇਹ ਹੈ ਕਿ ਰਿਪੋਰਟ ਵਿੱਚ ਹਿਮਾਲਿਆ ਦੇ ਗਲੇਸ਼ੀਅਰਾਂ ਦੇ ਖੇਤਰਫਲ ਬਾਰੇ ਗ਼ਲਤ ਬਿਆਨੀ ਕੀਤੀ ਗਈ ਹੈ। ਇਹ ਖੇਤਰਫਲ 500,000 ਵਰਗ ਕਿ. ਮੀ. ਦੱਸਿਆ ਗਿਆ ਹੈ ਜੋ ਕਿ ਵਿਗਿਆਨਕ ਤੌਰ 'ਤੇ ਪ੍ਰਵਾਨਿਤ ਅੰਕੜਿਆਂ ਤੋਂ 16 ਗੁਣਾ ਜ਼ਿਆਦਾ ਹੈ। 3,000 ਸਫਿਆਂ ਦੀ ਚੌਥੀ ਜਾਇਜ਼ਾ ਰਿਪੋਰਟ ਵਿੱਚ ਭਾਵੇਂ ਇਹ ਹੀ ਗ਼ਲਤੀਆਂ ਹਨ ਪਰ ਇਹ ਬਹੁਤ ਮਹੱਤਵਪੂਰਨ ਹਨ। ਭਾਵੇਂ ਆਈ. ਪੀ. ਸੀ. ਸੀ. ਨੇ ਇਨ੍ਹਾਂ ਉਕਾਈਆਂ ਨੂੰ ਮੰਨ ਲਿਆ ਹੈ ਪਰ ਇਸ ਨਾਲ ਕੁਝ ਨੁਕਸਾਨ ਤਾਂ ਜ਼ਰੂਰ ਹੋਇਆ ਹੈ।

**ਗੁੰਮਰਾਹਕੁੰਨ ਦਾਅਵਾ**

ਇਹ ਦਾਅਵਾ ਗੁੰਮਰਾਹਕੁੰਨ ਹੈ ਕਿ ਹਿਮਾਲਿਆ ਦੇ ਗਲੇਸ਼ੀਅਰ 2035 ਤੱਕ ਪਿਘਲ ਜਾਣਗੇ। ਕੁਝ ਪ੍ਰਮੁੱਖ ਗਲੇਸ਼ੀਅਰ 300 ਜਾਂ 500 ਮੀਟਰ ਮੋਟੇ ਹਨ। ਜੇਕਰ ਉਨ੍ਹਾਂ ਦੀ ਮੋਟਾਈ 5 ਮੀਟਰ ਸਾਲਾਨਾ ਘਟਦੀ ਵੀ ਹੈ ਤਾਂ ਉਹ 25 ਸਾਲ ਤੱਕ ਅਲੋਪ ਨਹੀਂ ਹੋਣਗੇ। ਉਨ੍ਹਾਂ ਦੇ ਪਿਘਲਣ ਦੀ ਦਰ ਭਵਿੱਖ ਵਿੱਚ ਬਦਲ ਵੀ ਸਕਦੀ ਹੈ। ਵਿਗਿਆਨੀਆਂ ਕੋਲ ਇਸ ਬਾਰੇ ਏਨੀ ਜਾਣਕਾਰੀ ਨਹੀਂ ਕਿ ਉਹ ਇਸ ਬਾਰੇ ਭਵਿੱਖਬਾਣੀਆਂ ਕਰ ਸਕਣ। ਹਿਮਾਲਿਆ ਦਾ ਵਧੀਆ ਤਰੀਕੇ ਨਾਲ ਅਧਿਐਨ ਨਹੀਂ ਕੀਤਾ ਗਿਆ, ਜਿਵੇਂ ਕਿ ਐਲਪਸ ਪਹਾੜਾਂ ਦਾ ਕੀਤਾ ਗਿਆ ਦੱਸਿਆ ਜਾਂਦਾ ਹੈ। ਬਹੁਤ ਘੱਟ ਹਿਮਾਲਿਆ ਦੀਆਂ ਸ਼ਾਖਾਵਾਂ ਦਾ ਮਾਸ ਬੈਲੰਸ ਦੀ ਤਕਨੀਕ ਨਾਲ ਅਧਿਐਨ ਕੀਤਾ ਗਿਆ ਹੈ। ਇਸ ਲਈ ਵਿਗਿਆਨੀ ਪੂਰੇ ਨਿਸ਼ਚੇ ਨਾਲ ਹਿਮਾਲਿਆ ਦੇ ਅਨੇਕਾਂ ਗਲੇਸ਼ੀਅਰਾਂ ਦੇ ਵਿਵਹਾਰ ਬਾਰੇ ਕੋਈ ਭਵਿੱਖਬਾਣੀ ਨਹੀਂ ਕਰ ਸਕਦੇ। ਵਾਤਾਵਰਨ ਤਬਦੀਲੀ, ਗਲੇਸ਼ੀਅਰਾਂ ਅਤੇ ਪਹਾੜਾਂ ਸਬੰਧੀ ਵਿਗਿਆਨਾਂ ਦਾ ਵਿਕਾਸ ਅਜੇ ਹੋ ਰਿਹਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਹਿਮਾਲਿਆ ਦੇ ਗਲੇਸ਼ੀਅਰ ਪਿਘਲ ਨਹੀਂ ਰਹੇ। 11 ਥਾਵਾਂ 'ਤੇ ਹੋਏ 1,317 ਗਲੇਸ਼ੀਅਰਾਂ ਦੇ ਇੱਕ ਅਧਿਐਨ ਨੇ ਇਹ ਸਬੂਤ ਦਿੱਤੇ ਹਨ ਕਿ 1962 ਤੋਂ ਲੈ ਕੇ ਇਨ੍ਹਾਂ ਗਲੇਸ਼ੀਅਰਾਂ ਦਾ 16 ਫ਼ੀਸਦੀ ਖੇਤਰਫਲ ਘਟ ਗਿਆ ਹੈ। ਪਿੰਡਰੀ, ਗੰਗੋਤਰੀ ਅਤੇ ਡੋਕਰਿਆਨੀ ਗਲੇਸ਼ੀਅਰਾਂ ਬਾਰੇ ਹੋਏ ਅਧਿਐਨ ਵਿੱਚ ਵੀ ਕਿਹਾ ਗਿਆ ਹੈ ਕਿ ਇਨ੍ਹਾਂ ਦੀ ਮੋਟਾਈ 5 ਤੋਂ 49 ਮੀਟਰ ਤੱਕ ਘਟੀ ਹੈ। ਉਨ੍ਹਾਂ ਦਾ ਮਾਦਾ-ਪਦਾਰਥ ਵੀ ਘਟ ਗਿਆ ਹੈ।

ਹਿਮਾਲਿਆ ਵਿੱਚ ਤਪਸ਼ ਮੈਦਾਨੀ ਇਲਾਕਿਆਂ ਦੇ ਨਾਲੋਂ 2 ਤੋਂ 4 ਗੁਣਾ ਜ਼ਿਆਦਾ ਵਧ ਰਹੀ ਹੈ। ਜਿਵੇਂ-ਜਿਵੇਂ ਗਲੇਸ਼ੀਅਰ ਖੁਰਦੇ ਹਨ, ਕਾਲੀਆਂ ਚਟਾਨਾਂ ਨੰਗੀਆਂ ਹੋ ਜਾਂਦੀਆਂ ਹਨ। ਇਹ ਸੂਰਜੀ ਰੌਸ਼ਨੀ ਦਾ ਸਿਰਫ਼ ਪੰਜ ਫ਼ੀਸਦੀ ਹਿੱਸਾ ਪਰਾਵਰਤਿਤ (Reflect) ਕਰਦੀਆਂ ਹਨ ਜਦੋਂ ਕਿ ਬਰਫ਼ ਇਸ ਦਾ 80 ਫ਼ੀਸਦੀ ਹਿੱਸਾ ਪਰਾਵਰਤਿਤ ਕਰਦੀ ਹੈ। ਦੂਜੇ ਸ਼ਬਦਾਂ ਵਿੱਚ ਇਨ੍ਹਾਂ ਕਾਲੀਆਂ ਚਟਾਨਾਂ ਵੱਲੋਂ ਸੂਰਜ ਦੀ ਤਪਸ਼ ਜ਼ਿਆਦਾ ਸੋਖੀ ਜਾਂਦੀ ਹੈ ਜਿਸ ਕਾਰਨ ਬਰਫ਼ ਦੇ ਪਿਘਲਣ ਦੀ ਦਰ ਹੋਰ ਤੇਜ਼ ਹੋ ਜਾਂਦੀ ਹੈ। ਇਸ ਸਬੰਧੀ ਹੋਰ ਵੀ ਅਧਿਐਨ ਜ਼ਰੂਰੀ ਹਨ ਪਰ ਇਸ ਦਾ ਮਤਲਬ ਇਹ ਨਹੀਂ ਕਿ ਗਲੇਸ਼ੀਅਰਾਂ ਦੇ ਪਿਘਲਣ ਦੇ ਕਾਰਨਾਂ ਵੱਲ ਜਲਦੀ ਨਾਲ ਧਿਆਨ ਨਾ ਦਿੱਤਾ ਜਾਵੇ। ਇੱਕ ਅੰਦਾਜ਼ੇ ਅਨੁਸਾਰ ਕਾਲਾ ਕਾਰਬਨ (ਜੋ ਡੀਜ਼ਲ, ਕੋਲੇ ਅਤੇ ਜੈਵ-ਬਾਲਣ ਦੇ ਬਲਣ ਕਾਰਨ ਹੋਂਦ ਵਿੱਚ ਆਉਂਦਾ ਹੈ) ਗਲੇਸ਼ੀਅਰਾਂ ਦੇ ਇੱਕ ਤਿਹਾਈ ਤੋਂ ਲੈ ਕੇ ਅੱਧੇ ਹਿੱਸੇ

ਦੇ ਪਿਘਲਣ ਦਾ ਕਾਰਨ ਬਣਦਾ ਹੈ। ਦੱਖਣੀ ਏਸ਼ੀਆ ਵਿੱਚ ਖਾਣਾ ਪਕਾਉਣ ਲਈ ਵਰਤਿਆ ਜਾਂਦਾ ਬਾਲਣ ਕਾਲੇ ਕਾਰਬਨ ਦਾ ਵੱਡਾ ਸੋਮਾ ਹੈ।

**ਆਪਸੀ ਉਲਝਣ**

ਪਰ ਇਸ ਸਥਿਤੀ ਨੂੰ ਸੁਧਾਰਨ ਦੇ ਕਾਰਜਾਂ ਨੂੰ ਨਵੀਂ ਸੋਚ ਨਾਲ ਅੰਜਾਮ ਦੇਣ ਦੀ ਬਜਾਏ ਭਾਰਤੀ ਨੀਤੀ-ਘਾੜੇ ਆਪਸੀ ਦੂਸ਼ਣਬਾਜ਼ੀ 'ਚ ਰੁੱਝੇ ਹੋਏ ਹਨ। ਵਾਤਾਵਰਨ ਮੰਤਰੀ ਸ੍ਰੀ ਜੈਰਾਮ ਰਮੇਸ਼ ਡਾ: ਪਚੌਰੀ ਦੇ ਵਿਰੁੱਧ ਆਲੋਚਨਾ 'ਤੇ ਉਤਰ ਆਏ ਹਨ। ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਆਈ. ਪੀ. ਸੀ. ਸੀ. ਦੁਆਰਾ ਸੁਧਾਰੀ ਗਈ ਰਿਪੋਰਟ ਤੋਂ ਉਨ੍ਹਾਂ ਦੀ ਪੁਜ਼ੀਸ਼ਨ ਦੀ ਪੁਸ਼ਟੀ ਹੁੰਦੀ ਹੈ। ਸ੍ਰੀ ਰਮੇਸ਼ ਦਾ ਕਿਸੇ ਮੁੱਦੇ 'ਤੇ ਇੱਕ ਰੁਖ਼ ਨਹੀਂ ਹੁੰਦਾ। ਹਿਮਾਲਿਆ ਦੇ ਗਲੇਸ਼ੀਅਰਾਂ ਦੇ ਸਬੰਧ 'ਚ ਉਨ੍ਹਾਂ ਤਿੰਨ ਰੁਖ਼ ਅਪਣਾਏ। ਪਹਿਲਾ, ਗਲੇਸ਼ੀਅਰ ਪਿਘਲ ਨਹੀਂ ਰਹੇ, ਇਹ ਪੱਛਮ ਦਾ ਗ਼ਲਤ ਪ੍ਰਚਾਰ ਹੈ। ਦੂਜਾ, ਕੁਝ ਗਲੇਸ਼ੀਅਰ ਸੁੰਗੜ ਰਹੇ ਹਨ ਤੇ ਕੁਝ ਵਧ ਵੀ ਰਹੇ ਹਨ, ਇਸ ਲਈ ਇਹ ਵਰਤਾਰਾ ਸਪੱਸ਼ਟ ਨਹੀਂ ਹੈ। ਤੀਜਾ, ਗਲੇਸ਼ੀਅਰ ਸੁੰਗੜ ਨਹੀਂ ਸਕਦੇ ਪਰ ਉਨ੍ਹਾਂ ਦੀ ਸਥਿਤੀ ਕਾਫੀ ਮਾੜੀ ਹੈ। ਪਹਿਲੀਆਂ ਦੋ ਕਥਨੀਆਂ ਵਿਗਿਆਨ ਦੇ ਉਲਟ ਜਾਂਦੀਆਂ ਹਨ ਅਤੇ ਤੀਜੀ ਕਥਨੀ ਦੀ ਪੁਸ਼ਟੀ ਨਹੀਂ ਕਰਦੀਆਂ। ਇਸ ਤੋਂ ਇਲਾਵਾ ਉਨ੍ਹਾਂ ਪ੍ਰਧਾਨ ਮੰਤਰੀ ਨਾਲ ਮਿਲ ਕੇ ਕੋਪਨਹੈਗਨ ਕਾਨਫਰੰਸ ਵਿੱਚ ਵਿਵਾਦਿਤ ਸਮਝੌਤਾ ਕੀਤਾ। ਭਾਰਤ ਨੂੰ ਗਲੇਸ਼ੀਅਰਾਂ ਜਾਂ ਕਾਲੇ ਕਾਰਬਨ ਦੇ ਮਸਲੇ ਨੂੰ ਪੱਛਮੀ ਦੇਸ਼ਾਂ ਦੀ ਸਾਜ਼ਿਸ਼ ਦੇ ਰੂਪ ਵਿੱਚ ਨਹੀਂ ਦੇਖਣਾ ਚਾਹੀਦਾ। ਇਹ ਅਜਿਹਾ ਹਕੀਕੀ ਵਰਤਾਰਾ ਹੈ ਜਿਸ ਦਾ ਨੁਕਸਾਨ ਭਾਰਤ ਦੇ ਆਪਣੇ ਲੋਕਾਂ, ਖਾਸ ਕਰਕੇ ਗਰੀਬ ਲੋਕਾਂ ਨੂੰ ਹੋਵੇਗਾ। ਭਾਰਤ ਪੱਛਮ ਦੇ ਉਨ੍ਹਾਂ ਲੋਕਾਂ ਦੀ ਠੀਕ ਹੀ ਆਲੋਚਨਾ ਕਰਦਾ ਹੈ ਜੋ ਵਾਤਾਵਰਨ ਤਬਦੀਲੀ ਦੇ ਵਰਤਾਰੇ ਤੋਂ ਇਨਕਾਰ ਕਰਦੇ ਹਨ। ਹਿਮਾਲਿਆ ਦੇ ਮਾਮਲੇ ਵਿੱਚ ਭਾਰਤ ਆਪਣੇ ਢੰਗ ਨਾਲ ਜਿਨ੍ਹਾਂ ਤੱਥਾਂ ਨੂੰ ਨਕਾਰ ਰਿਹਾ ਹੈ, ਉਨ੍ਹਾਂ ਨੂੰ ਨਕਾਰਨਾ ਬੰਦ ਕਰਨਾ ਚਾਹੀਦਾ ਹੈ ਅਤੇ ਸੁਧਾਰ ਦੇ ਕਦਮਾਂ ਤੋਂ ਪਿੱਛੇ ਹਟ ਕੇ ਉਸ ਨੂੰ ਉਨ੍ਹਾਂ ਪ੍ਰਤੀ ਨਿਰਾਸ਼ਾ ਦੀ ਭਾਵਨਾ ਨਹੀਂ ਰੱਖਣੀ ਚਾਹੀਦੀ। ਜਿਥੋਂ ਤੱਕ ਪਚੌਰੀ ਦਾ ਸਬੰਧ ਹੈ, ਉਨ੍ਹਾਂ ਉੱਤੇ ਬਰਤਾਨੀਆ ਦੇ ਦੋ ਉੱਘੇ ਅਖ਼ਬਾਰਾਂ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਊਰਜਾ ਅਤੇ ਵਸੀਲਿਆਂ ਬਾਰੇ ਸੰਸਥਾ (The Energy and Resource Institution) ਅਤੇ ਆਪਣੇ ਹਿਤਾਂ ਲਈ ਆਈ. ਪੀ. ਸੀ. ਸੀ. ਦੀ ਦੁਰਵਰਤੋਂ ਕੀਤੀ ਹੈ। ਪਾਰਦਰਸ਼ਤਾ ਅਤੇ ਵਿਗਿਆਨਕ ਪੜਤਾਲ ਦੀ ਇਹ ਭਾਵਨਾ, ਜਿਸ ਨੂੰ ਆਈ. ਪੀ. ਸੀ. ਸੀ. ਨੂੰ ਕਾਇਮ ਰੱਖਣਾ ਚਾਹੀਦਾ ਹੈ, ਇਸ ਤੋਂ ਘੱਟ ਦੀ ਉਮੀਦ ਨਹੀਂ ਕਰਦੀ। ਇਸ ਸਮੇਂ ਹਿਮਾਲਿਆ ਦੇ ਗਲੇਸ਼ੀਅਰਾਂ ਨੂੰ ਪਿਘਲਣ ਤੋਂ ਬਚਾਉਣ ਦੀ ਸਖ਼ਤ ਜ਼ਰੂਰਤ ਹੈ। ਜੇਕਰ ਅਸੀਂ ਅਜਿਹਾ ਨਹੀਂ ਕਰਦੇ ਤਾਂ ਇਸ ਦੀ ਕੀਮਤ ਸਾਡੇ ਆਪਣੇ ਲੋਕਾਂ ਨੂੰ ਚੁਕਾਉਣੀ ਪਵੇਗੀ।

**-ਪ੍ਰਫੁੱਲ ਬਿਦਵਈ**

# ਸਾਡੀ ਤਾਂ ਇਹੋ ਗੰਗਾ

***-ਜਨਮੇਜਾ ਸਿੰਘ ਜੌਹਲ***

ਆਮ ਮਨੁੱਖ ਦਾ ਵਿਸ਼ਵਾਸ਼ ਹੈ ਕਿ ਜੇਕਰ ਕਿਸੇ ਦਰਿਆ ਵਿੱਚ ਨਹਾ ਲਿਆ ਜਾਵੇ ਜਾਂ ਕਿਸੇ ਸਰੋਵਰ ਵਿੱਚ ਡੁੱਬਕੀ ਲਗਾ ਲਈ ਜਾਵੇ ਤਾਂ ਪਾਪ ਧੋਤੇ ਜਾਂਦੇ ਹਨ। ਇਹ ਸਰਾਸਰ ਇੱਕ ਮਨਮੱਤ ਵਹਿਮ ਤੋਂ ਇਲਾਵਾ ਕੁਝ ਨਹੀਂ। ਜੇ ਇਸ ਤਰ੍ਹਾਂ ਪਾਪ ਧੋਤੇ ਜਾ ਸਕਦੇ ਹਨ ਤਾਂ ਫੇਰ ਕੈਦਖਾਨਿਆਂ ਦੀ ਕੀ ਲੋੜ ਹੈ ? ਕੀਤੇ ਪਾਪਾਂ ਨੂੰ, ਅਦਾਲਤਾਂ ਵਿੱਚ ਸਾਬਤ ਕਰਨ ਦੀ ਕੀ ਲੋੜ ਹੈ ? ਇਹ ਤਾਂ ਸੱਚ ਹੈ ਕਿ ਪਾਣੀ ਦੀ ਅਸੀਮ ਸ਼ਕਤੀ ਮਨੁੱਖੀ ਜਾਮੇ ਨੂੰ ਅੰਦਰੋਂ ਬਾਹਰੋਂ ਸਾਫ ਕਰ ਸਕਦੀ ਹੈ ਅਤੇ ਮਨ ਵਿੱਚ ਸੁੱਚਤਾ ਦਾ ਅਹਿਸਾਸ ਵੀ ਪੈਦਾ ਕਰ ਸਕਦੀ ਹੈ ਪਰ ਪਾਪ ਧੋਤੇ ਜਾਣ ਇਹ ਤਾਂ ਹੋ ਹੀ ਨਹੀਂ ਸਕਦਾ। ਜੇਕਰ ਇਹ ਸੱਚ ਹੋਵੇ ਤਾਂ ਹੁਣ ਤੱਕ ਲੱਖਾਂ ਲੋਕਾਂ ਦੇ ਪਾਪਾਂ ਨਾਲ ਇਹ ਨਦੀਆਂ ਭਰ ਗਈਆਂ ਹੁੰਦੀਆਂ ਤੇ ਸਮੁੰਦਰ ਪਾਪਾਂ ਦਾ ਹੀ ਸਾਗਰ ਅਖਵਾਉਂਦਾ। ਸਰੋਵਰਾਂ ਵਿੱਚ ਪਲਦੇ ਜੀਵ ਪਾਪ ਆਤਮਾਵਾਂ ਬਣ ਗਏ ਹੁੰਦੇ। ਮਨੁੱਖ ਅਸਲ ਵਿੱਚ ਆਪਣੀਆਂ ਕਮਜ਼ੋਰੀਆਂ ਨੂੰ ਹਮੇਸ਼ਾ ਕਿਸੇ ਹੋਰ ਦੇ ਛਾਬੇ ਵਿੱਚ ਸੁੱਟਣ ਦਾ ਬਹਾਨਾ ਲੱਭਦਾ ਰਹਿੰਦਾ ਹੈ। ਦਰਿਆ, ਸਰੋਵਰ, ਸਮੁੰਦਰ, ਵਿਚਾਰੇ ਮੁਫਤ ਵਿੱਚ ਅੜਿੱਕੇ ਆ ਜਾਂਦੇ ਹਨ। ਪਾਣੀ ਦੀ ਜੇ ਸ਼ਕਤੀ ਦੇਖਣੀ ਹੋਵੇ ਤਾਂ ਸਰਦੀਆਂ ਦੀ ਕਿਸੇ ਕੋਸੀ ਸਵੇਰ, ਧਰਤੀ ਦੀ ਹਿੱਕ 'ਚੋਂ ਨਿਕਲੇ ਕੋਸੇ ਪਾਣੀ ਦੀ ਧਾਰਾ, ਤਾਜ਼ੇ ਘੜੇ ਖ਼ਾਲੇ ਵਿੱਚ ਵਗਦੇ ਹੋਏ ਦੀ ਕਲ ਕਲ ਸੁਣੋ। ਨਿਰਛਲ, ਨਿਰਮਲ ਤੇ ਨਿਰਅਕਾਰ ਪਾਣੀ ਦੇ ਕੰਢੇ ਉੱਤੇ ਬੈਠ ਜਦ ਕਿਸਾਨ ਫਸਲਾਂ ਨੂੰ ਖੁਸ਼ੀ ਨਾਲ ਝੂੰਮਦੇ ਦੇਖਦਾ ਹੈ, ਦੂਰ ਤੱਕ ਆਕਾਸ਼ ਵਿੱਚ ਉਸਦੀ ਸੋਚ ਉਡਾਰੀ ਮਾਰਦੀ ਹੈ ਤਾਂ ਉਸਦੇ ਪੈਰਾਂ ਨਾਲ ਕਲੋਲਾਂ ਕਰਦਾ ਪਾਣੀ ਉਸਨੂੰ ਕਿਸੇ ਗੰਗਾ ਤੋਂ ਘੱਟ ਨਹੀਂ ਲੱਗਦਾ।

# ਗ਼ਜ਼ਲ

-ਹਰਭਜਨ ਸਿੰਘ ਬੈਂਸ

ਸਾਂਝਾਂ ਦੀ ਹਰ ਸਾਂਝੀ ਸੁਰ ਲਈ ਹੱਕ ਦਾ ਹਾਣ ਨਿਭੌਣਾ ਪੈਂਦਾ।
ਰਾਗ ਸਮੇਂ ਦਾ ਗੌਣਾ ਪੈਂਦਾ ਦੁਸ਼ਮਨ ਯਾਰ ਬਣੌਣਾ ਪੈਂਦਾ।

ਛੀਮਾਂ ਮਾਰੇ, ਆਰੇ ਵਾਹੇ, ਚਾਹੇ ਦੁਨੀਆਂ ਮਾਣੇਂ ਛਾਵਾਂ,
ਅਪਣੇ ਖਾਸੇ ਵਿਰਸੇ ਮੁਜਬ ਰੁੱਖ ਨੂੰ ਫਰਜ਼ ਨਿਭੌਣਾ ਪੈਂਦਾ।

ਸਾਂਝੀਵਾਲ ਸਦਾਇਣ ਦੀ ਸੁਰ ਜੱਗ ਨੂੰ ਰਾਸ ਬਹੇ ਨਾ ਜੇਕਰ,
ਆਖਿਰ 'ਮਾਧੋ-ਧਿਰ' ਨੂੰ ਫਿਰ ਤਾਂ 'ਬੰਦਾ-ਰੂਪ' ਦਿਖੌਣਾ ਪੈਂਦਾ।

ਡਾਲਰ, ਪੌਂਡ, ਦਿਨਾਰੀ ਦੌਰ 'ਚ 'ਜੋੜ-ਅਜੋੜ' 'ਚ ਕਿਹੜਾ ਜਾਂਦਾ,
ਸਰਘੀ ਜਾਈਆਂ ਕਿਰਨਾਂ ਨੂੰ ਅੱਜ ਜੱਗ ਦਾ ਨੇਰ੍ਹ ਹੰਢੌਣਾ ਪੈਂਦਾ।

ਖੁਦਗ਼ਰਜ਼ੀ ਦੇ ਦੌਰ 'ਚ ਅਜ-ਕੱਲ੍ਹ ਕਾਦ੍ਹੇ ਰਹਿ ਗਏ ਪਿਆਰ-ਮੁਹੱਬਤ,
ਰੂਹੋਂ ਜਾਈਆਂ ਸੱਧਰਾਂ ਨੂੰ ਜੇ ਲਾਰਿਆਂ ਦੇ ਲੜ ਲੌਣਾ ਪੈਂਦਾ।

ਨੇਤਾ, ਨੀਤੀ-ਵੇਤਾ ਤੇ ਅਭਿਨੇਤਾ ਰਲ਼ ਗਏ! ਤਾਂ ਕੀ ਹੋਇਆ,
ਨਵੇਂ ਦੌਰ ਦੇ ਲੋਕ-ਰਾਜ 'ਤੇ ਸਿਆਸੀ ਰੰਗ ਚੜ੍ਹੌਣਾ ਪੈਂਦਾ।

ਚੇਤਰ-ਖੇੜੇ, ਸਾਵਨ-ਮੇਲੇ ਸਭਿਆਚਾਰੋਂ ਦਿਸਣ ਗਵਾਚੇ,
ਜੋਬਨ-ਮੱਤੀਆਂ ਰਿਸ਼ਮਾਂ ਨੂੰ ਅਜ ਹੰਢਿਆ ਵਕਤ ਹੰਢੌਣਾ ਪੈਂਦਾ।

# ਦੋਸਤੀ ਦਾ ਘੇਰਾ

*-ਹਰਚੰਦ ਸਿੰਘ ਬਾਗੜੀ*

ਘੇਰਾ ਦੋਸਤੀ ਦਾ ਇਤਨਾ ਵਧਾ ਲਿਆ।
ਦੁਸ਼ਮਣ ਨਾ ਦਿਸਦਾ ਹੁਣ ਮੈਨੂੰ ਭਾਲਿਆ।

ਦੁਸ਼ਮਣ ਹੋਣਗੇ ਮੇਰੇ ਪਰ ਮੇਰਾ ਨਹੀਂ।
ਦੋਸਤ-ਦੁਸ਼ਮਣ ਦਾ ਅਸਾਂ ਫਰਕ ਮਿਟਾ ਲਿਆ।

ਸਮਝਿਆ ਨਾ ਮਨ ਮੇਰਾ ਮੈਂ ਬੜਾ ਕਲਪਿਆ।
ਸ਼ੁਕਰ ਹੈ ਮਨ ਨੇ ਮੈਨੂੰ ਸਮਝਾ ਲਿਆ।

ਜਦ ਵੀ ਲੰਘਿਆ ਕੋਈ ਸਾਥੋਂ ਅੱਖ ਬਚਾ ਕੇ।
ਹੱਸ ਕੇ ਅਸੀਂ ਉਸ ਨੂੰ ਆਪ ਬੁਲਾ ਲਿਆ।

ਸਾਡੇ ਪਿੱਛੋਂ ਰਹੂ ਇਹ ਸਾਡੀ ਨਿਸ਼ਾਨੀ।
ਬੋਹੜ ਦਾ ਬੱਚਾ, ਅਸੀਂ ਵਿਹੜੇ ਲਾ ਲਿਆ।

ਕਾਗਜ਼ ਦੇ ਖੇਤੀਂ, ਕਲਮ ਦਾ ਹਲ ਵਾਹ ਕੇ।
ਪੁਸਤਕਾਂ ਦਾ ਭੰਡਾਰ, ਅਸਾਂ ਉਗਾ ਲਿਆ।

ਰੋਟੀ ਲਈ 'ਚੰਦ' ਦੇਸੋਂ ਵਿਦੇਸ਼ ਆਏ।
ਜਦ ਖਾਣ ਬੈਠੇ ਤਾਂ ਝਗੜਾ ਪਾ ਲਿਆ।

# ਚਾਰ ਲਾਵਾਂ

–ਅਵਤਾਰ ਸਿੰਘ ਆਦਮਪੁਰੀ

ਇਹ ਚਾਰ ਲਾਵਾਂ ਦਾ ਪਾਠ ਦੇਵੇ,
ਸੁਖੀ ਜੀਵਨ ਲਈ ਗਿਆਨ ਬੰਦੇ।
ਲਾਵਾਂ ਨੂੰ ਰਸਮ ਨਾ ਸਮਝ ਲੈਣਾ,
ਵਿਚਾਰ ਕਰੀਂ ਲਾ ਧਿਆਨ ਬੰਦੇ।

ਹਰੀ ਦਾ ਸਿਮਰਨ ਕਰ ਪਿਆਰੇ,
ਉਪਦੇਸ਼ ਹੈ ਪਹਿਲਾ ਲਾਵਾਂ ਦਾ।
ਪ੍ਰਭੂ ਤੇਰੇ ਗੁਨਾਹ ਬਖਸ਼ ਦੇਵੇ,
ਲੈ ਲਾਹਾ ਮਿਲੇ ਹੋਏ ਸਾਹਾਂ ਦਾ।
ਮਨ ਹੋਵੇ ਸਹਿਜ ਅਨੰਦ 'ਚ ਤਾਂ,
ਮਿਲਦਾ ਹੈ ਪ੍ਰਭੂ ਨਿਧਾਨ ਬੰਦੇ,
ਲਾਵਾਂ ਨੂੰ ਰਸਮ ਨਾ ਸਮਝ ਲੈਣਾ।

ਭੈ ਤੋਂ ਨਿਰਭਉ ਮਨ ਹੋਵੇ ਤੇਰਾ,
ਹਉਮੈ ਦੇ ਵਿੱਚ ਨਾ ਆ ਜਾਣਾ।
ਹਰ ਸ਼ੈਅ ਵਿੱਚ ਮਾਲਕ ਦਿਸ ਪੈਂਦਾ,
ਜਦ ਮਾਲਕ ਨੂੰ ਤੈਂ ਭਾ ਜਾਣਾ।
ਇਸ ਦੂਜੇ ਪੜਾਅ ਦਾ ਰਸ ਮਿੱਠਾ,
ਹੋਣਾ ਨਹੀਂ ਤੈਥੋਂ ਬਿਆਨ ਬੰਦੇ,
ਲਾਵਾਂ ਨੂੰ ਰਸਮ ਨਾ ਸਮਝ ਲੈਣਾ।

ਤੀਜੀ ਲਾਵੇਂ ਮਨ ਚਾਓ ਬਣਿਆ,
ਹੋ ਜਾਵੇ ਮਨ ਵੈਰਾਗੀ ਜੇ।
ਸੰਤਾਂ ਨਾਲ ਹੋਵੇ ਮੇਲ ਤੇਰਾ,
ਮੁੱਖ ਬਾਣੀ ਜਿਨ੍ਹਾਂ ਵਡਭਾਗੀ ਹੇ।
ਹਿਰਦੇ ਹਰਿ ਹਰਿ ਦੀ ਧੁਨ ਉਪਜੀ,
ਜਾਗੇ ਜਾਂ ਭਾਗ ਮਹਾਨ ਬੰਦੇ,
ਲਾਵਾਂ ਨੂੰ ਰਸਮ ਨਾ ਸਮਝ ਲੈਣਾ।

ਹੈ ਕਾਰਜ ਪੂਰਾ ਅੱਜ ਤੇਰਾ,
ਪ੍ਰਭ ਹਿਰਦੇ ਵਿੱਚ ਜੇ ਵਸ ਜਾਵੇ।
ਤੂੰ ਸਹਿਜ ਅਵਸਥਾ ਸਿਮਰ ਹਰੀ,
ਹਰਿ ਸਿਮਰਨ ਵਿੱਚ ਹੀ ਰਸ ਆਵੇ।
ਸਿੱਕ ਹੋਵੇ ਪ੍ਰਭੂ ਨੂੰ ਮਿਲਣੇ ਦੀ,
ਪ੍ਰਭੂ ਪੂਰੇ ਕਰੇ ਅਰਮਾਨ ਬੰਦੇ,
ਇਹ ਚਾਰ ਲਾਵਾਂ ਦਾ ਪਾਠ ਦੇਵੇ,
ਸੁਖੀ ਜੀਵਨ ਲਈ ਗਿਆਨ ਬੰਦੇ।
ਲਾਵਾਂ ਨੂੰ ਰਸਮ ਨਾ ਸਮਝ ਲੈਣਾ,
ਵਿਚਾਰ ਕਰੀਂ ਲਾ ਧਿਆਨ ਬੰਦੇ।

# ਕਵਿਤਾ

*ਆਜ਼ਾਦ ਜਲੰਧਰੀ*

ਬੁਰੀਆਂ ਰੂਹ ਵਿੱਚ ਰਚੀਆਂ ਗੱਲਾਂ
ਕੌਣ ਸੁਣੇ ਹੁਣ ਸੱਚੀਆਂ ਗੱਲਾਂ
ਤੂੰ ਕਰ ਭਾਵੇਂ ਲੱਖ ਵਡਿਆਈਆਂ
ਪਰ ਸਾਨੂੰ ਨਹੀਂ ਜਚੀਆਂ ਗੱਲਾਂ

ਕੀ ਇਤਬਾਰ ਕਰੇ ਕੋਈ ਤੇਰਾ
ਝੂਠੇ ਵਾਅਦੇ ਕੱਚੀਆਂ ਗੱਲਾਂ
ਲੋਕਾਂ ਦੇ ਕੰਨਾਂ ਵਿੱਚ ਪਾਈਆਂ
ਕੀ ਢਿੱਡ ਵਿੱਚ ਨਹੀਂ ਪਚੀਆਂ ਗੱਲਾਂ

ਐਸੀ ਹਵਾ ਰਕੀਬਾਂ ਦਿੱਤੀ
ਵਾਂਗ ਭਬੂਕੇ ਮਚੀਆਂ ਗੱਲਾਂ
ਵੈਸੇ ਤੈਂ ਕੋਈ ਕਸਰ ਨਹੀਂ ਛੱਡੀ
ਕਰ ਲੈ ਜੇ ਕੁਝ ਬਚੀਆਂ ਗੱਲਾਂ
ਹੋਇਆ ਏ 'ਆਜ਼ਾਦ' ਤਮਾਸ਼ਾ
ਜਦ ਗਲੀਆਂ ਵਿੱਚ ਨੱਚੀਆਂ ਗੱਲਾਂ।